ਅੰਤਰਰਾਸ਼ਟਰੀ ਮੈਗਜ਼ੀਨ

# ਕਾਵਿ-ਸੰਸਾਰ

**Kav-Sansaar**
International Magazine

ਐਤਵਾਰ, 23 ਜੁਲਾਈ 2023

Chief Editor : Verinder Singh Virdi | Email : kavsansaar@gmail.com | Contact : +16043086663,+447944101658, +917009770591



**www. kavsansaar.com**

# ਸੰਪਾਦਕੀ ਮੰਡਲ /Editorial Board

**ਮੁੱਖ-ਸਰਪ੍ਰਸਤ :** ਰਵਿੰਦਰ ਰਵੀ
**Chief Patron :** Ravinder Ravi

**ਸਰਪ੍ਰਸਤ :** ਅਵਤਾਰ ਸਿੰਘ ਵਿਰਦੀ
**Patron :** Avtar Singh Virdi

**ਮੁੱਖ-ਸੰਪਾਦਕ ਤੇ ਸੰਚਾਲਕ :** ਵਰਿੰਦਰ ਸਿੰਘ ਵਿਰਦੀ
**Chief Editor :** Verinder Singh Virdi

**ਸੰਪਾਦਕ : ਰਮਿੰਦਰ ਕੌਰ**
Editor : Raminder Kaur

**ਸਮਾਚਾਰ ਸੰਪਾਦਕ ਤੇ ਬਿਓਰੋ ਚੀਫ਼ :** ਹਰਦਮ ਸਿੰਘ ਮਾਨ
**News Editor & Bureau Chief :** Hardam Singh Mann

**ਸਲਾਹਕਾਰ ਬੋਰਡ :**

- ਮੋਤਾ ਸਿੰਘ ਸਰਾਏ
- ਕੁਲਜੀਤ ਕੌਰ ਗ਼ਜ਼ਲ (ਆਸਟ੍ਰੇਲੀਆ )
- ਨਛੱਤਰ ਭੋਗਲ
- ਮਿਸ ਆਸ਼ਨਾ ਸਿੰਘ
- ਬੀਬੀ ਸੁਰਜੀਤ ਕੌਰ ਸੈਕਰਾਮੈਂਟੋ (ਕੈਲੀਫੋਰਨੀਆ )

**Advisory Board :**

- Mota Singh Sarai (U.K.)
- Mrs.Kuljeet Kaur Gazal
- Nachhater Bhogal (U.K.)
- Ms. Aashna Singh (U.K.)
- Bibi Surjeet Kaur Sacramento

ਇਸ ਵਿੱਚ ਛਪੀਆਂ ਰਚਨਾਵਾਂ ਦੇ ਲੇਖਕ ਆਪਣੇ ਵਿਚਾਰਾਂ ਲਈ ਖ਼ੁਦ ਜ਼ਿੰਮੇਵਾਰ ਹਨ । ਕਾਵਿ-ਸੰਸਾਰ ਅਦਾਰੇ ਜਾਂ ਸੰਪਾਦਕ ਦਾ ਉਨ੍ਹਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਅਦਾਰਾ ਕਿਸੇ ਵੀ ਲੇਖਕ ਦੀ ਰਚਨਾ ਲਈ ਕਿਸੇ ਵੀ ਤਰ੍ਹਾਂ ਨਾਲ ਜ਼ਿੰਮੇਵਾਰ ਨਹੀਂ ਹੈ।


ਆਪਣੀਆਂ ਮੌਲਿਕ ਰਚਨਾਵਾਂ ਆਪਣੀ ਤਸਵੀਰ ,ਐਡਰੈੱਸ ਤੇ ਫ਼ੋਨ ਨੰਬਰ ਸਮੇਤ ਇਸ ਮੇਲ ਆਈ ਡੀ ਤੇ ਭੇਜ ਸਕਦੇ ਹੋ ।

Email : kavsansaar@gmail.com
**Contact : +16043086663 ,+44 7944 101658, +917009770591**

# ਬੀਸੀ ਯੂਨਾਈਟਿਡ ਲੀਡਰ ਕੇਵਿਨ ਫਾਲਕਨ ਵੱਲੋਂ ਆਗਾਮੀ 2024 ਦੀਆਂ ਸੂਬਾਈ ਚੋਣਾਂ ਦੀ ਤਿਆਰੀ

## ਸਰੀ-ਸਰਪੈਂਟੀਨ ਰਿਵਰ ਹਲਕੇ ਲਈ ਪੁਨੀਤ ਸੰਧਰ ਨੂੰ ਪਾਰਟੀ ਦਾ ਪਹਿਲਾ ਉਮੀਦਵਾਰ ਐਲਾਨਿਆ

ਸਰੀ, (ਹਰਦਮ ਮਾਨ)-ਬੀਸੀ ਯੂਨਾਈਟਿਡ ਲੀਡਰ ਕੇਵਿਨ ਫਾਲਕਨ ਨੇ ਆਗਾਮੀ 2024 ਦੀਆਂ ਸੂਬਾਈ ਚੋਣਾਂ ਦੀ ਤਿਆਰੀ ਲਈ ਸਰੀ-ਸਰਪੈਂਟੀਨ ਰਿਵਰ ਹਲਕੇ ਲਈ ਐਡਵੋਕੇਟ ਪੁਨੀਤ ਸੰਧਰ ਨੂੰ ਪਾਰਟੀ ਦਾ ਪਹਿਲਾ ਉਮੀਦਵਾਰ ਐਲਾਨਿਆ ਹੈ। ਬੀਤੀ ਸ਼ਾਮ ਸੈਂਕੜੇ ਲੋਕਾਂ ਦੇ ਇਕੱਠ ਵਿਚ ਇਹ ਵਿਸ਼ੇਸ਼ ਐਲਾਨ ਕਰਦਿਆਂ ਕੇਵਿਨ ਫਾਲਕਨ ਨੇ ਕਿਹਾ "ਮੈਨੂੰ ਆਗਾਮੀ ਸੂਬਾਈ ਚੋਣਾਂ ਲਈ ਸਾਡੇ ਪਹਿਲੇ ਬੀ ਸੀ ਯੂਨਾਈਟਿਡ ਉਮੀਦਵਾਰ ਵਜੋਂ ਪੁਨੀਤ ਸੰਧਰ ਦਾ ਐਲਾਨ ਕਰਦਿਆਂ ਖੁਸ਼ੀ ਹੋ ਰਹੀ ਹੈ। ਕਮਿਊਨਿਟੀ ਵਕਾਲਤ ਲਈ ਉਸ ਦਾ ਜਨੂੰਨ ਅਤੇ ਬੀ ਸੀ ਦੇ ਹਾਊਸਿੰਗ ਸੈਕਟਰ ਦੀ ਸਮਝ, ਉਸ ਦੇ ਕਾਨੂੰਨੀ ਪਿਛੋਕੜ ਅਤੇ ਸਰੀ ਲਈ ਅਟੁੱਟ ਸਮਰਪਣ ਦੇ ਨਾਲ ਉਹ ਸਾਡੀ ਬੀ ਸੀ ਯੂਨਾਈਟਿਡ ਟੀਮ ਲਈ ਇੱਕ ਅਨਮੋਲ ਰਤਨ ਹੈ। ਸਰੀ-ਸਰਪੇਂਟਾਈਨ ਰਿਵਰ ਦੇ ਵਸਨੀਕ ਪੁਨੀਤ ਵਰਗੇ ਸਮਰੱਥ, ਭਰੋਸੇਮੰਦ ਅਤੇ ਅਣਥੱਕ ਵਰਕਰ ਦੀਆਂ ਵਧੀਆ ਸੇਵਾਵਾਂ ਹਾਸਲ ਕਰ ਸਕਣਗੇ।" ਉਨ੍ਹਾਂ ਕਿਹਾ ਕਿ ਫਾਲਕਨ ਨੇ ਕਿਹਾ ਕਿ ਅਸੀਂ ਆਉਣ ਵਾਲੀਆਂ ਸੂਬਾਈ ਚੋਣਾਂ ਦੀ ਤਿਆਰੀ ਕਰਦੇ ਹਾਂ ਅਤੇ ਅੱਜ ਦਾ ਐਲਾਨ ਬੀਸੀ ਯੂਨਾਈਟਿਡ ਨਾਮਜ਼ਦਗੀਆਂ ਦੀ ਸ਼ੁਰੂਆਤ ਹੈ। ਅਸੀਂ ਐਨਡੀਪੀ ਦਾ ਬਦਲ ਪੇਸ਼ ਕਰਾਂਗੇ ਜੋ ਸਕਾਰਾਤਮਕ ਦ੍ਰਿਸ਼ਟੀਕੋਣ ਅਤੇ ਨਤੀਜਿਆਂ 'ਤੇ ਕੇਂਦਰਿਤ ਹੋਵੇਗਾ।



ਇਸ ਮੌਕੇ ਬੋਲਦਿਆਂ ਪੁਨੀਤ ਸੰਧਰ ਨੇ ਕਿਹਾ ਕਿ ਸੰਧਰ ਨੇ ਕਿਹਾ, "ਮੈਂ ਸਰੀ-ਸਰਪੇਂਟਾਈਨ ਰਿਵਰ ਦੇ ਵੋਟਰਾਂ ਦਾ ਸਮਰਥਨ ਹਾਸਲ ਕਰਨ ਲਈ ਸਖ਼ਤ ਮਿਹਨਤ ਕਰਾਂਗੀ ਤਾਂ ਜੋ ਮੈਂ ਵਿਕਟੋਰੀਆ ਵਿੱਚ ਕੇਵਿਨ ਫਾਲਕਨ ਅਤੇ ਬੀ ਸੀ ਯੂਨਾਈਟਿਡ ਟੀਮ ਨਾਲ ਜੁੜ ਸਕਾਂ। ਉਨ੍ਹਾਂ ਕਿਹਾ ਕਿ ਸਰੀ-ਸਰਪੇਂਟਾਈਨ ਰਿਵਰ ਦੇ ਲੋਕਾਂ ਨੂੰ ਸਰਕਾਰ ਵਿੱਚ ਯੋਗਤਾ, ਜ਼ਿੰਮੇਵਾਰੀ ਅਤੇ ਭਰੋਸਾ ਵਾਪਸ ਲਿਆਉਣ ਲਈ ਵਿਧਾਨ ਸਭਾ ਵਿੱਚ ਲੋੜ ਹੈ ਅਤੇ ਮੈਂ ਲੋਕਾਂ ਦੀ ਮਜ਼ਬੂਤ ਆਵਾਜ਼ ਬਣਨ ਲਈ ਤਿਆਰ ਹਾਂ।" ਉਨ੍ਹਾਂ ਕਿਹਾ ਕਿ ਸਰੀ ਦੇ ਲੋਕ ਵਾਅਦਿਆਂ ਤੋਂ ਮੁਨਕਰ ਹੋਈ ਡੇਵਿਡ ਇਬੀ ਦੀ ਮੌਜੂਦਾ ਐਨਡੀਪੀ ਸਰਕਾਰ ਤੋਂ ਥੱਕ ਚੁੱਕੇ ਹਨ। ਮੈਂ ਨਾ ਸਿਰਫ਼ ਆਪਣੀਆਂ ਧੀਆਂ ਲਈ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ, ਇੱਕ ਬਿਹਤਰ ਸਰੀ ਬਣਾਉਣ ਲਈ ਵਚਨਬੱਧ ਹਾਂ।




ਪੁਨੀਤ ਸੰਧਰ 2002 ਵਿੱਚ ਆਪਣੇ ਪਤੀ ਜਤਿੰਦਰ ਨਾਲ ਕੈਨੇਡਾ ਆ ਗਈ ਸੀ। ਆਪਣੀ ਸਖਤ ਮਿਹਨਤ ਨਾਲ 2006 ਵਿੱਚ ਬੀ ਸੀ ਬਾਰ ਦੀ ਮੈਂਬਰ ਬਣ ਗਈ ਸੀ ਅਤੇ 2012 ਵਿੱਚ ਸੰਘੇੜਾ ਸੰਧਰ ਲਾਅ ਗਰੁੱਪ ਨਾਲ ਜੁੜ ਗਈ। ਉਹ ਬੀ.ਸੀ. ਦੀ ਲੀਗਲ ਸਰਵਿਸਿਜ਼ ਸੋਸਾਇਟੀ, ਸਿਟੀ ਆਫ਼ ਸਰੀ, ਸਰੀ ਬੇਘਰੇ ਅਤੇ ਹਾਊਸਿੰਗ ਸੁਸਾਇਟੀ ਅਤੇ ਸਿਟੀ ਆਫ਼ ਸਰੀ ਲਈ ਮੇਅਰ ਦੀ ਕਾਰੋਬਾਰੀ ਸਲਾਹਕਾਰ ਕਮੇਟੀ ਦੀ ਮੈਂਬਰ ਹੈ। ਉਹ ਬੀਸੀ ਸ਼ਿਕਾਇਤ ਸਮੀਖਿਆ ਕਮੇਟੀ ਦੀ ਲਾਅ ਸੋਸਾਇਟੀ ਵਿੱਚ ਕੰਮ ਕਰਦੀ ਹੈ। 2017 ਦੀਆਂ ਸੂਬਾਈ ਚੋਣਾਂ ਵਿੱਚ ਪੁਨੀਤ ਸੰਧਰ ਨੇ ਸਰੀ-ਪੈਨੋਰਾਮਾ ਲਈ ਬੀਸੀ ਲਿਬਰਲ ਉਮੀਦਵਾਰ ਵਜੋਂ ਚੋਣ ਲੜੀ ਸੀ ਪਰ ਜਿੱਤ ਹਾਸਲ ਨਹੀਂ ਸੀ ਹੋਈ। ਉਸ ਨੂੰ 2012 ਵਿੱਚ ਉਸ ਦੇ ਮਿਸਾਲੀ ਸਮਾਜਿਕ ਵਾਲੰਟੀਅਰ ਕੰਮ ਲਈ ਕੁਈਨਜ਼ ਜੁਬਲੀ ਮੈਡਲ ਨਾਲ ਸਨਮਾਨਿਤ ਕੀਤਾ ਗਿਆ ਸੀ। ਉਸ ਦਾ ਕਹਿਣਾ ਹੈ ਕਿ ਉਹ ਉਸ ਭਾਈਚਾਰੇ ਨੂੰ ਸਰਗਰਮੀ ਨਾਲ ਕੁਝ ਵਾਪਸ ਦੇਣ ਲਈ ਵਚਨਬੱਧ ਹੈ ਜਿਸ ਨੇ ਕੈਨੇਡਾ ਵਿੱਚ ਉਸ ਦਾ ਸਵਾਗਤ ਕੀਤਾ।

**ਹਰਦਮ ਮਾਨ**
**ਸਪੈਸ਼ਲ ਰਿਪੋਰਟਰ,**
**ਬੀ.ਸੀ., ਕੈਨੇਡਾ**

# ਰਵਿੰਦਰ ਰਵੀ

## ਸੰਪੂਰਨਤਾ ਦੀ ਤਲਾਸ਼



ਹੁਣ ਵਿੱਚ ਭਲ਼ਕ ਦਾ ਚਿਹਰਾ
ਦਿਸਦਾ,
ਹੁਣ ਵਿੱਚ ਨੇ ਕੱਲ੍ਹ ਦੇ ਪਰਛਾਵੇਂ।
ਇਹ ਉਹ ਘੜੀ ਤੇ ਇਹ ਉਹ
ਸੰਗਮ,
ਪਹੁੰਚਣ, ਟਾਂਵੇਂ ਟਾਂਵੇਂ!!!

ਬੀਤ ਰਹੇ ਵਿੱਚ ਕੁਝ ਅਣਬੀਤਿਆ,
ਅਣਬੀਤੇ, ਕੁਝ ਬੀਤ ਰਿਹਾ।
ਬੀ, ਬੂਟਾ ਤੇ ਫੁੱਲ, ਫਲ, ਸੂਤਰ,
ਜੀਵਨ ਬਣ ਗਿਆ ਭਾਵੇਂ!

ਉੱਤਰੀ ਧਰੁੱਵ 'ਤੇ ਜੰਮਿਆਂ ਪਾਣੀ,
ਏਥੇ ਵੱਸਦਾ ਮੋਹਲ਼ੇਧਾਰ।

ਭਾਫ਼ਾਂ, ਬੱਦਲ ਅਤੇ ਸੁਨਾਮੀਂ,
ਪਾਣੀ ਦੇ ਹੀ ਨਾਮ ਨੇ ਸਾਂਵੇਂ।

ਫੁੱਲ ਤੇ ਸੂਲ਼ਾਂ, ਅਰਥ ਨੇ ਵੱਖਰੇ,
'ਕੱਠੀਆਂ ਪਰ ਬਹਾਰਾਂ।
ਮੌਸਮ ਅਵਾਣ ਜਾਵਣ ਏਥੇ,
ਸਮਾਂ ਨਿਰੰਤਰ, ਥਿਰ ਹਰ ਥਾਵੇਂ।

ਸੂਰਜ ਦੇ ਨਾਲ, ਸੂਰਜ ਬਣੀਏ,
ਚੰਦ, ਸਿਤਾਰੇ, ਅੱਖਾਂ ਦੇ ਵਿੱਚ-
ਪਿੰਡ ਵਿੱਚ ਹੀ ਬ੍ਰਹਮੰਡ ਭੋਗੀਏ,
ਬੈਠੀਏ ਆਪਣੀ ਛਾਵੇਂ।

ਮਿਸਰ, ਹੜੱਪਾ, ਪੁਸਤਕਾਂ ਦੇ ਵਿੱਚ:
ਧੜਕ ਪਏ ਰੰਗ ਸਾਰੇ।
ਬੀਤ ਬੀਤ ਕੇ ਅਸੀਂ ਵੀ ਝੜੀਏ,
ਥਾਵੇਂ, ਹੋਣ ਨਿਥਾਵੇਂ।

ਵਕਤ ਕਦੇ ਪੈਦਲ ਚੱਲਦਾ ਸੀ,
ਥਿਰ ਨੇ ਸੂਰਜ, ਬ੍ਰਹਮੰਡ, ਤਾਰੇ।
ਕੰਪਿਊਟਰ ਵਿੱਚ ਸਿਮਟੇ ਹੁਣ ਸਭ,
ਬਦਲੇ ਮੁੱਲ, ਵਿਧਾਨ ਨੇ ਭਾਵੇਂ।

'ਹੁਣ, 'ਕੱਲ੍ਹ', 'ਭਲ਼ਕ' ਤਾਂ ਫਰਜ਼ੀ
ਲੀਕਾਂ,
ਵੰਡੀਆਂ ਜਾਣ ਨਾ ਪੌਣਾ।
ਮਹਿਕਾਂ ਤੇ ਫੁੱਲਾਂ ਦੀ ਯਾਰੀ,
ਸਾਹ, ਨਜ਼ਰ ਵਿੱਚ, ਸਿਮਟੇ ਭਾਵੇਂ।

ਆਪੇ ਹਵਾ, ਉਡਾਰੀ ਆਪੇ,
ਆਪਣੇ ਹੀ ਵਿਰੋਧ 'ਚ ਉੱਡੀਏ -
ਉੱਚੇ ਤੋਂ ਉੱਚਾ ਉੱਠਣ ਲਈ,
ਆਪਣੀ ਧੁੱਪ ਹੀ, ਆਪਣੀ ਛਾਵੇਂ।

ਕਿਸਦਾ ਸਾਥ? ਵਿਰੋਧ ਕੇਸ ਦਾ?
ਕਿਸਦਾ ਟੁੱਟਣਾ? ਕਿਸਦਾ ਜੁੜਨਾ?
ਆਪੇ 'ਚੋਂ ਸੰਪੂਰਨ ਆਪਾ,
ਪਾਵਣ ਟਾਵੇਂ ਟਾਵੇਂ!!!










# ਰਵਿੰਦਰ ਰਵੀ

## ਪਲਾਇਨ





ਜਿਸ ਸੂਰਜ ਦੀ ਤੇਰੇ ਸੰਗ ਅਸ਼ਨਾਈ ਹੈ,
ਉਸ ਸੂਰਜ ਦੀ ਸਾਰੇ ਸ਼ਹਿਰ ਦੁਹਾਈ ਹੈ!

ਉਸ ਸੂਰਜ ਦੀ ਕਿਰਨ ਅਨ੍ਹੇਰੇ ਹੁੰਝੇ ਨਾਂ,
ਹਰ ਪਾਸੇ ਹੀ ਸਹਿਮੀਂ ਹੋਈ ਤਨਹਾਈ ਹੈ!

ਇਸ ਪਾਸੇ ਇਕ ਦੀਪ ਜਿਹਾ ਜਗ ਬੁਝ ਵਿੱਚ ਹੈ,
ਉਸ ਪਾਸੇ ਇਕ ਜੁਗਨੂੰ ਲਾਸ਼ ਉਠਾਈ ਹੈ!

ਏਸ ਸ਼ਹਿਰ ਵਿੱਚ ਜਗੂੰ ਬੁਝੂੰ ਇਕ ਧੁਖਣ ਜਿਹੀ,
ਏਸ ਸ਼ਹਿਰ ਵਿੱਚ ਲੋ ਬਣ ਕੇ, ਅੱਗ ਆਈ ਹੈ!


'ਨ੍ਹੇਰ ਦਾ ਝੁੰਗਲ਼ਮਾਟਾ ਕਰ ਕੇ ਲੰਘ ਜਾਈਏ,
ਏਸ ਸ਼ਹਿਰ ਦੀਆਂ ਗਲੀਆਂ ਵਿੱਚ ਰੁਸਵਾਈ ਹੈ!!!



# ਕੇਵਲ ਸਿੰਘ ਨਿਰਦੋਸ਼ ਦੁਸਾਂਝ ਕੈਮਲੂਪਸ ਕੈਨੇਡਾ

## ਭੈਣੇ ਸਾਵਣ ਆਇਆ

ਕਾਲੀ ਘਟਾ ਵੇਖ ਅਸਮਾਨੀ ,
ਮੋਰਾਂ ਰੁਣਝੁਣ ਲਾਇਆ ।
ਕੰਤਾਂ ਵਾਲੀਆਂ ਮਾਂਗ ਸੰਵਾਰਨ ,
ਹੜ੍ਹ ਹੁਸਨਾਂ ਦਾ ਆਇਆ ।
ਲੂੰ ਲੂੰ ਦੇ ਵਿਚ ਮਹਿਕਾਂ ਰਚੀਆਂ ,
ਅੰਗ ਅੰਗ ਨਸ਼ਿਆਇਆ ।
ਕਿਸੇ ਸੁਹਾਗਣ ਸਾਨੂੰ ਵੀ ਕਿਹਾ ,
“ ਭੈਣੇ ਸਾਵਣ ਆਇਆ “ ।
ਸਾਵਣ ਭੈਣ ਮੁਬਾਰਕ ਤੈਨੂੰ ,
ਸਾਨੂੰ ਕੀ ਸਾਵਣ ਨਾ’ ਲੱਗੇ ।
ਇਸ ਸਾਵਣ ਵਿਚ ਜਿੰਦ ਸਾਡੀ ,
ਬਣ ਲਾਲ ਅੰਗਾਰੇ ਦੱਗੇ ।
ਦਿਲ ਸੜਦਾ ਜਦ ਇਸ ਰੁੱਤੇ ,
ਕੋਈ ਪੌਣ ਦਾ ਝਉਂਕਾ ਵੱਗੇ ।
ਇਸ ਰੁੱਤੇ ਇਕ ਆਸ ਦਾ ਜੁਗਨੂੰ ,
ਕਦੇ ਬੁਝੇ ਕਦੇ ਜੱਗੇ ।
ਇਸ ਸਾਵਣ ਦੀ ਰੁੱਤ ਨੂੰ ਭੈਣੇ ,
ਦੱਸ ਅਸੀਂ ਕੀ ਕਰੀਏ ।
ਇਸ ਵਰ੍ਹਨੇ ਨਾਲ ਸਾਨੂੰ ਕੀ ,
ਜਦ ਅਸੀਂ ਪਿਆਸੇ ਮਰੀਏ ।
ਇਸ ਰੁੱਤੇ ਅਸੀ ਬਿਰਹੁੰ ਨਾਗ ਦੇ ,
ਰਹਿ ਰਹਿ ਕੇ ਡੰਗ ਜਰੀਏ ।
ਇਸ ਰੁੱਤੇ ਜਦ ਛਣਕਣ ਵੰਗਾਂ ,
ਅਸੀਂ ਬੁੱਕ ਬੁੱਕ ਹਉਕੇ ਭਰੀਏ ।
ਹਿਜਰ ਦਾ ਹਾੜ੍ਹ ਅਜੇ ਨਾ ਮੁੱਕਿਆ ,
ਅਜੇ ਨਾ ਸਾਵਣ ਆਇਆ ।
ਦਿਲ ਬੰਬੀਹਾ ਅਜੇ ਤਾਂ ਸਾਡਾ ,
ਓਵੇਂ ਹੀ ਤਿਰਹਾਇਆ ।
ਅਜੇ ਨਾ ਸਾਡੇ ਬਾਗੀਂ ਕਿਸੇ ,
ਬੁਲਬੁਲ ਨਗਮਾ ਗਾਇਆ ।
ਅਜੇ ਨਾ ਦਿਲ ਦੀ ਸੋਹਲ ਕਲੀ ਤੇ ,
ਭੌਰਾ ਕੋਈ ਮੰਡਲਾਇਆ ।
ਬੱਦਲ ਗਰਜੇ ਤੇ ਦਿਲ ਧੜਕੇ ,
ਦਾਮਨਿ ਚਮਕ ਡਰਾਏ ।
ਜੋਬਨ ਰੁੱਤੇ ਪਿਆ ਵਿਛੋੜਾ ,
ਵੱਢ ਵੱਢ ਜਿੰਦ ਨੂੰ ਖਾਏ ।
ਜਾਂ ਰੱਬ ਸਾਡਾ ਮੇਲ ਕਰਾ ਦਏ ,
ਜਾਂ ਨਿੱਕਲ ਜਿੰਦ ਜਾਏ ।



ਕੇਵਲ ਉਹ ਆ ਜਾਏ ,
ਸਾਵਣ ਆਏ ਜਾਂ ਨਾ ਆਏ ।



# ਰਮਿੰਦਰ ਰੰਮੀ

## ਨਦੀਆਂ ਦਾ ਪਾਣੀ

ਨਦੀਆਂ ਦਾ ਪਾਣੀ
ਚਾਲ ਆਪਣੀ ਚਲਦਾ ਰਹਿੰਦਾ
ਰੁਮਕਦੇ ਹੋਏ ਸੰਗੀਤ ਦੀ
ਲੈਅ ਵਿੱਚ ਸਦਾ ਮਸਤ ਹੈ ਰਹਿੰਦਾ
ਨਾ ਕੋਈ ਗੁੱਸਾ
ਨਾ ਕੋਈ ਗਿਲਾ
ਕਦਮ ਕਦਮ ਵੱਧਦਾ
ਮੰਜ਼ਿਲ ਵੱਲ ਆਪਣੀ
ਇਸ ਤੋਂ ਬਿਨਾ
ਖ਼ਿਆਲ ਨਾ ਕੋਈ
ਇਸੇ ਲਈ ਕੱਚ ਵਾਂਗ
ਸਾਫ ਪਿਆ ਦਿਸਦਾ
ਪਰ ਬੰਦਾ ਗੁੱਸਾ ਗਿੱਲਾ ਨਾ ਛੱਡਦਾ
ਇਸੇ ਲਈ ਚਿੰਤਾ ਵਿੱਚ ਫਸਿਆ ਰਹਿੰਦਾ
ਛੱਡ ਚਿੰਤਾ ਤੇ ਗਿਲੇ ਸ਼ਿਕਵੇ
ਚਲੇ ਮਨੁੱਖ ਵੀ ਜੇ ਨਦੀ ਦੀ ਚਾਲ
ਸ਼ਾਂਤ ਮਨ ਫਿਰ ਰਹੇ ਉਸਦਾ
ਕਰੇ ਹਰ ਕੋਈ ਪਿਆਰ...!





# ਬੀਬੀ ਸੁਰਜੀਤ ਕੌਰ 'ਸੈਕਰਾਮੈਂਟੋ' ਯੂ.ਐਸ.ਏ.

## ਨੈਣੋਂ ਨਦੀ ਨਿਰੰਤਰ ਵਗਦੀ

ਨੈਣੋਂ ਨਦੀ ਨਿਰੰਤਰ ਵਗਦੀ
ਫਿਰ ਵੀ ਅੰਦਰ ਅੱਗ ਹੈ ਮਘਦੀ

ਮੂੰਹ ਅਪਨੇ ਨੂੰ ਸੀ ਕੇ ਰਖਿਐ
ਤਪਸ਼ ਸਾੜਦੀ ਪਈ ਹੈ ਅਗ ਦੀ

ਅੰਦਰਲੀ ਅੱਗ ਦਾ ਹੀ ਰੰਗ ਹੈ
ਚਿਹਰੇ ਤੇ ਜੋ ਲਾਲੀ ਦਗ ਦੀ



ਉੰਝ ਜ਼ਿੰਦਗੀ ਤੋਂ ਕੀ ਥੁੜਿਆ ਸੀ
ਲਾਜ ਰੱਖੀ ਹੈ ਪਿਉ ਦੀ ਪੱਗ ਦੀ

ਅਪਣੇ ਹੀ ਨਹੀ ਜੀਵਣ ਦਿੰਦੇ
ਇਹ ਕੈਸੀ ਰੀਤੀ ਹੈ ਜਗ ਦੀ

ਤਨ ਦੀ ਚਾਦਰ ਛਿਜਦੀ ਜਾਵੇ
ਹੁਣ ਪੀੜਾਂ ਦੀ ਮਾਰ ਨਾਂ ਤਗਦੀ

ਅੰਦਰੋਂ ਹੈ ਇਹ ਦੁਨੀਆਂ ਕਾਲੀ
ਬਾਹਰੋਂ ਬੜੀ ਪਿਆਰੀ ਲਗਦੀ

ਤੂੰ 'ਸੁਰਜੀਤ' ਕਿਵੇਂ ਬਚ ਗਈ ਏਂ
ਇਹ ਦੁਨੀਆਂ ਤਾਂ ਰੱਬ ਨੂੰ ਠਗਦੀ

# ਡਾ. ਮਨਪ੍ਰੀਤ ਸਿੰਘ ਚੱਢਾ

## ਗ਼ਮ

ਦਿਲ ਨੂੰ ਏਨਾ ਭਾਇਆ ਗ਼ਮ

ਹੱਸ-ਹੱਸ ਕੇ ਮੈਂ ਲਾਇਆ ਗ਼ਮ

ਹਰ ਦਮ ਰਹਿੰਦੈ ਨਾਲ ਮੇਰੇ

ਮੇਰੀ ਅੰਮਣੀ ਜਾਇਆ ਗ਼ਮ

ਦਿਲ ਦੇ ਵਿੱਚੋਂ ਕੱਢ ਦੇਵਾਂ!

ਆਪ ਨੇ ਕੀ ਫਰਮਾਇਆ ਗ਼ਮ !



ਸੋਚ ਕੇ ਹੀ ਕੁੱਝ ਦਾਤਾ ਨੇ

ਮੇਰੇ ਪੱਲੇ ਪਾਇਆ ਗ਼ਮ

ਤੇਰੀ ਸੌਂਹ ਰਹਿੰਦਾ ਏ

ਘਬਰਾਇਆ-ਘਬਰਾਇਆ ਗ਼ਮ

ਉਹ ਬੰਦਾ ਵੀ ਕੀ ਬੰਦਾ ਏ

ਜਿਸ ਨਹੀਂ ਦਿਲ ਨੂੰ ਲਾਇਆ ਗ਼ਮ

ਪੀ-ਪੀ ਹੰਝੂ ਐਮ.ਪੀ.ਦੇ

ਫਿਰ ਵੀ ਹੈ ਤਿਹਾਇਆ ਗ਼ਮ

# ਸੁਲੱਖਣ ਮਹਿਮੀ

## ਗ਼ਜ਼ਲ



ਸਭ ਮਤਲਬਖ਼ੋਰੇ ਯਾਰ, ਪਿਆਰੇ ਬਦਲ ਗਏ।
ਜੀਉਂਦੇ ਦਿੱਤੇ ਮਾਰ, ਹਤਿਆਰੇ ਬਦਲ ਗਏ।

ਮਤਲਬ ਬਿਨਾਂ ਕੋਈ ਕਿਸੇ ਦੀ ਸੁਣਦਾ ਨਾ,
ਨਾਂਹ ਨਾ ਕਰਨ ਮਕਾਰ, ਲਾਰੇ ਬਦਲ ਗਏ।

ਝੂਠੀਆਂ ਰਸਮਾਂ ਤੇ ਕਸਮਾਂ ਹੀ ਰਹਿ ਗਈਆਂ,
ਕਿੱਥੋਂ ਲੱਭੀਏ ਵਫ਼ਾਦਾਰ, ਸਹਾਰੇ ਬਦਲ ਗਏ।

ਆਪਣੀ ਡੱਫਲੀ, ਆਪਣਾ ਰਾਗ ਅਲਾਪ ਰਹੇ,
ਛੱਜੂ ਘਰ ਤੋਂ ਬਾਹਰ, ਬੁਖਾਰੇ ਬਦਲ ਗਏ।

ਕੱਚਿਆਂ, ਪੱਕਿਆਂ ਤੇ ਨਾ ਕੋਈ ਤਰਦਾ ਹੁਣ,
ਝਨਾਂ ਦੇ ਕੰਢਿਉਂ ਪਾਰ, ਪਿਆਰੇ ਬਦਲ ਗਏ।

ਕੋਈ ਚਾਰੇ ਨਾ ਮੱਝੀਆਂ ਮੰਗੂ ਬਣਕੇ ਹੁਣ,
ਨਾ ਰਾਂਝੇ ਵਰਗੇ ਯਾਰ, ਹਜਾਰੇ ਬਦਲ ਗਏ।

ਉਂਗਲੀ ਫੜ ਕੇ ਤੁਰਨਾ ਜਿਨ੍ਹਾਂ ਤੋਂ ਸਿੱਖਿਆ ਸੀ,
ਬੁੱਢੀ ਲਾਠੀ ਅਵਾਜਾਰ, ਦੁਲਾਰੇ ਬਦਲ ਗਏ।

ਪੈਸੇ ਦੀ ਮੰਡੀ ਵਿੱਚ ਰਿਸ਼ਤੇ ਤੁਲ ਗਏ ਨੇ,
ਬਣ ਗਿਆ ਇੱਕ ਵਪਾਰ, ਛੁਆਰੇ ਬਦਲ ਗਏ।

ਬਾਹਰ ਜਾਣ ਦੀ ਦੌੜ ਵੀ ਲੱਗੀ ਸਭ ਨੂੰ ਹੈ,
ਹਰ ਕੋਈ ਜਿਵੇਂ ਤਿਆਰ, ਨਜ਼ਾਰੇ ਬਦਲ ਗਏ।

ਵਣਜ ਪਿਆਰ ਦਾ ਕਰਨਾ ਲੋਕੀ ਭੁੱਲ ਗਏ ਨੇ,
ਦਿਲਾਂ 'ਚ ਭਰੇ ਹੰਕਾਰ, ਹੰਕਾਰੇ ਬਦਲ ਗਏ।

ਸ਼ੁੱਧ ਖਾਲਸ ਚੀਜ਼ ਵੀ ਕਿਤਿਉਂ ਮਿਲਦੀ ਨਾ,
ਸੋਨਾ ਤੇ ਸੁਨਿਆਰ, ਸਾਰੇ ਬਦਲ ਗਏ।

ਲੋਕ ਸੇਵਾ ਦੇਸ਼ ਪਿਆਰ ਤਾਂ ਮਨਫੀ ਹੈ,
ਕਿੱਥੇ ਨੇਤਾ ਦਾ ਕਿਰਦਾਰ, ਲਾਰੇ ਬਦਲ ਗਏ।

ਸਿੱਖ ਲੈ ਦੁੱਖ ਲਕੋਣਾ, ਸੀਨੇ ਵਿੱਚ ਯਾਰਾ,
ਕੋਈ ਕਰਦਾ ਨਾ ਇਤਬਾਰ, ਹੁੰਘਾਰੇ ਬਦਲ ਗਏ।

Con-

# ਸੁਣ ਨੀ ਨਦੀਏ -ਡਾ. ਮੇਹਰ ਮਾਣਕ



ਨਦੀਏ ਹੁਣ ਛੱਡ ਵੀ ਦੇ ਮਨ ਦੇ ਕਵੱਲੇ ਖੋਰ ਨੂੰ।
ਗੁਨਾਹ ਕਿਸੇ ਹੋਰ ਦਾ ਤੇ ਸਜ਼ਾ ਕਿਸੇ ਹੋਰ ਨੂੰ।

ਜੋ ਵੀ ਚੜ੍ਹਿਆ ਅੜਿੱਕੇ ਧੂਹ ਕਬਰਾਂ ਤੱਕ ਲੈ ਗਈ
ਬਸ ਸਭ ਦੇਖਦੇ ਰਹਿ ਗਏ ਤੇਰੇ ਗੁੱਸੇ ਦੀ ਲੋਰ ਨੂੰ।

ਜਾਣਦਾ ਹਾਂ ਕਸੂਰ ਸਾਡਾ ਵੀ ਸੀ ਕਿਤੇ ਨਾ ਕਿਤੇ
ਅਸੀਂ ਵੀ ਨਹੀਂ ਰੋਕਿਆ ਬਦਚਲਣ ਤੇ ਮੂੰਹ ਜ਼ੋਰ ਨੂੰ।

ਬੜੀ ਮੁਰਦਲੀ ਤੇ ਦੋਗਲੀ ਹੋ ਗਈ ਐ ਇਹ ਅਵਾਮ
ਮਾਰੇ ਡਾਕੂਆਂ ਤਾਈਂ ਸਲਾਮਾਂ ਕੁੱਟ ਧਰੇ ਕਮਜ਼ੋਰ ਨੂੰ।

ਬੜਾ ਵਾਜਬ ਹੈ ਤੇਰਾ ਇੰਞ ਮੈਦਾਨ 'ਚ ਉਤਰ ਆਉਣਾ
ਹੈ ਨਹੀਂ ਦੇਖ ਹੁੰਦਾ ਇਉਂ ਟੁੱਟ ਰਹੀ ਸਾਹਾਂ ਦੀ ਡੋਰ ਨੂੰ।

ਤਖ਼ਤ ਦੀ ਸ਼ਹਿ ਤੇ ਜਿੰਨ੍ਹਾਂ ਦਲਾਲਾਂ ਨੱਪੇ ਨੇ ਤੇਰੇ ਰਾਹ
ਉਨ੍ਹਾਂ ਹੀ ਖਪਾ ਲਿਆ ਹੈ ਮੇਰੀ ਹਰ ਪਗਡੰਡੀ ਤੇ ਗੋਹਰ ਨੂੰ।

ਤੇਰੇ ਰਾਹਾਂ 'ਚ ਖੜ੍ਹਾ ਕਰ ਛੁੱਪ ਗਏ ਨੇ ਜੋ ਆਪ ਕਿਤੇ
ਸਾਧਾਂ ਨੂੰ ਭੁਗਤਣੀ ਪੈ ਗਈ ਚੋਟ ਆਈ ਨਾਂ ਕਿਸੇ ਚੋਰ ਨੂੰ।

ਭਾਵੇਂ ਬਦੀਆਂ ਅਤੇ ਨਦੀਆਂ ਦੀ ਨਾਂ ਸਾਂਝ ਸਦੀਆਂ ਤੋਂ
ਪਰ ਦਿੱਤੇ ਇਨ੍ਹਾਂ ਜ਼ਖਮਾਂ ਉੱਤੇ ਕੌਣ ਆ ਕਰੂ ਟਕੋਰ ਨੂੰ।

# ਡਾ. ਸੁਖਪਾਲ ਸੰਘੇੜਾ

## ਰੱਬ-ਏ-ਧਰਮ



ਮਨੁੱਖਤਾ ਦਾ ਰਾਹ ਡਾਢਾ ਮੁਸ਼ਕਲ
ਬੰਦਾ ਬਣਨੋਂ ਮੁੱਕਰ ਜਾ।
ਹਿੰਦੂ ਮੁਸਲਮ ਸਿੱਖ ਹੋ ਜਾਂ ਫ਼ਿਰ
ਬਣ ਇਸਾਈ ਉਸਰ ਜਾ।
ਕਿਸ ਬੂਟੇ ਵੇਲ ਪਦਾਰਥ ਤੋਂ
ਇਹ ਆਇਆ ਕੋਈ ਫ਼ਰਕ ਨਹੀਂ,
ਜਦ ਜ਼ਹਿਰ ਹੀ ਜ਼ਿੰਦਗੀ ਨੂੰ ਦੇਣਾ
ਕੀ ਇੱਧਰ ਦਾ ਕੀ ਉੱਧਰ ਦਾ।
ਉੱਨੀ ਇੱਕੀ ਦੇ ਫ਼ਰਕ ਨਾਲ 'ਰੱਬ'
ਸੱਭ ਦਾ ਇੱਕੋ ਜੈਸਾ ਹੈ,
ਵਿਸ਼ਵਾਸ਼ ਦੇ ਨ੍ਹੇਰੇ ਵਿੱਚ ਵਸਦਾ 'ਤੇ
ਤਰਕ ਦੇ ਚਾਨਣ ਉੱਜੜਦਾ।

## ਰੱਬ ਘਾੜਾ ਜਾਂ ਘੜਾਈ

ਹਿੰਦੂ ਮੁਸਲਮ ਸਿੱਖ ਈਸਾਈ
'ਤੇ ਹੀ ਨਹੀਂਓ ਬਿੰਦੀ ਲਾਈ।
ਹੋਰ ਵੀ ਕਿੰਨ੍ਹੇ ਧਰਮ ਨੇ ਇੱਥੇ
ਧਰਮ 'ਚੇ ਧਰਮਾਂ ਸਿੰਗ ਫ਼ਸਾਈ।
ਸੱਭ ਕਹਿੰਦੇ ਰੱਬ ਇੱਕ ਹੀ ਹੁੰਦਾ
ਫ਼ਿਰ ਵੀ ਵੱਖ ਵੱਖ ਰੱਬ ਬਣਾਏ,
ਘਾਣ ਮਨੁੱਖਤਾ ਦਾ ਕਰਦੀ ਇੱਕ
ਧਰਮ ਦੀ ਦੂਜੇ ਸੰਗ ਲੜਾਈ।
ਬਾਈਬਲ ਕਹਿੰਦੀ ਰੱਬ ਨੇ ਬੰਦਾ
ਆਪਣੇ ਅਕਸ ਦੇ ਵਿੱਚ ਬਣਾਇਆ,
ਪਰਖ਼ਿਆ ਲੱਗਦਾ ਉਲਟ ਬੰਦੇ ਨੇ
ਖ਼ੁਦ 'ਤੇ ਰੱਬ ਦੀ ਸ਼ਕਲ ਬਣਾਈ।
ਬੰਦਾ ਵਸਦਾ ਧਰਤੀ 'ਤੇ, ਰੱਬ
ਬੰਦੇ ਦੇ ਵਿਸ਼ਵਾਸ 'ਚੇ ਹੀ,
ਸੋਚੋ ਫ਼ਿਰ ਰੱਬ' ਬੰਦਾ ਘੜਿਆ
ਜਾਂ 'ਰੱਬ' ਬੰਦੇ ਦੀ ਘੜਾਈ।

# ਮਨ ਰਾਜਾ ਭਿਖਾਰੀ ਬਣਿਆ ਹੈ

ਮੇਰੇ ਮਨ ਤੇ ਦੁਸ਼ਮਣਾਂ ਕਬਜ਼ਾ ਕਰਿਆ ਹੈ।
ਮਨ ਅੰਦਰ ਨੱਕੋ  ਨੱਕ ਗੁੱਸਾ ਭਰਿਆ ਹੈ।
ਮਨ ਹਉਮੈ ਅਹੰਕਾਰ ਅੰਦਰ ਫਸਿਆ ਹੈ।
ਮਨ ਮੋਹ ਦੀ ਦਲਦਲ ਅੰਦਰ ਧਸਿਆ ਹੈ।
ਮਨ ਨੂੰ ਲੋਭ ਲਾਲਚ ਨੇ ਘੁੱਟ ਫੜਿਆ ਹੈ।
ਈਰਖਾ ਨਾਲ ਮੇਰਾ ਮਨ ਤਨ ਸੜਿਆ ਹੈ।
ਮਨ ਕਾਮ ਰੂਪੀ  ਭੱਠੀ ਅੰਦਰ ਸੜਿਆ ਹੈ।
ਮੇਰੇ  ਮਨ ਪੰਜਾਂ ਚੋਰਾਂ ਕਬਜ਼ਾ ਕਰਿਆ ਹੈ।

ਮਨ ਨਿਰਮਲ ਵਿੱਚ ਚਿੱਕੜ ਰਲਿਆ ਹੈ।
ਵਿਕਾਰਾਂ ਪਿੱਛੇ ਲੱਗ ਝੂਠ ਵੱਲ ਤੁਰਿਆ ਹੈ।
ਚੁਗਲੀ  ਨਿੰਦਿਆ ਦਾ ਪੱਲਾ ਫੜਿਆ ਹੈ।
ਮੂੰਹ ਤੇ ਮਿਠਾਸ ਅੰਦਰ ਖੰਜਰ ਲੁਕਿਆ ਹੈ।
ਲਾਲਚ ਲੋਕਾਂ ਦਾ ਹੱਕ ਮਾਰਨ ਤੁਰਿਆ ਹੈ।
ਕੂੜ ਪਿੱਛੇ  ਮੂੰਹੋਂ ਮਾੜਾ ਬੋਲਣ ਲੱਗਿਆ ਹੈ।
ਗਾਲੀ ਗਲੋਚ ਤਨ ਮਨ ਫਿੱਕਾ ਕਰਿਆ ਹੈ।
ਮੇਰੇ ਮਨ ਤੇ ਦੁਸ਼ਮਣਾਂ ਕਬਜ਼ਾ ਕਰਿਆ ਹੈ।


ਮਨ ਅੰਦਰ ਮੈਲ  ਤਨ ਧੋਵਣ ਤੁਰਿਆ ਹੈ।
ਨਾਮ ਅੰਦਰ , ਬਾਹਰ ਭਾਲਣ ਤੁਰਿਆ ਹੈ।
ਸੀਨੇ ਅੱਗ ਮੁੱਖ ਸਾਂਤੀ ਮਖੌਟਾ ਧਰਿਆ ਹੈ।
ਅਮਲ ਨਹੀਂ ਬਾਣੀ ਨੂੰ ਰੱਟਾ ਲੱਗਿਆ ਹੈ।
ਜਾਤ ਪਾਤ ਕੀੜਾ ਧੁਰ ਅੰਦਰ ਖੁੱਭਿਆ ਹੈ।
ਵੈਰ ਵਿਰੋਧ ਮਨ ਅੰਦਰ ਧੁਰ ਵੜਿਆ ਹੈ।

ਦੁਬਿਧਾ ਦੇ ਜਾਲ ਅੰਦਰ ਮਨ ਫਸਿਆ ਹੈ।
ਮੇਰੇ ਮਨ ਤੇ ਦੁਸ਼ਮਣਾਂ ਕਬਜ਼ਾ ਕਰਿਆ ਹੈ।

ਨਸ਼ਿਆਂ ਦਲਦਲ ਵਿੱਚ ਮਨ ਧਸਿਆ ਹੈ।
ਮਾਇਆ ਸਵਾਦਾਂ ਵਿੱਚ ਮਨ ਫਸਿਆ ਹੈ।
ਤ੍ਰਿਸ਼ਨਾ ਚੁੰਗਲ ਵਿੱਚ ਜਾਂਦਾ ਧਸਿਆ ਹੈ।
ਆਸ਼ਾ ਅਭਿਲਾਸ਼ਾ ਜਾਲ ਵਿੱਚ ਫੜਿਆ ਹੈ।
ਸ਼ਰਾਬਾਂ ਕਬਾਬਾਂ ਲੱਜਤਾਂ ਰਾਹ ਤੁਰਿਆ ਹੈ।
ਕਾਲ  ਬੁਣੇ ਜਾਲ ਵਿੱਚ ਜਾਂਦਾ ਫਸਿਆ ਹੈ।
ਮਨ ਰਾਜਾ ਪਰ ਭਿਖਾਰੀ ਬਣ ਤੁਰਿਆ ਹੈ।
ਮੇਰੇ ਮਨ ਤੇ ਦੁਸ਼ਮਣਾਂ ਕਬਜ਼ਾ ਕਰਿਆ ਹੈ।

ਗੁਰਬਾਣੀ ਸੁੱਤੇ ਮਨ ਨੂੰ ਜਗਾਉਂਦੀ  ਹੈ।
ਨਿਸ਼ਕਾਮ ਸੇਵਾ ਹਉਮੈ ਦੂਰ ਭਜਾਉਂਦੀ ਹੈ।
ਸੱਚੀ ਸੰਗਤ ਮਨ ਦੀ ਮੈਲ ਹਟਾਉਂਦੀ ਹੈ।
ਗੁਰੂ ਸੰਗਤ ਅਵਗੁਣ ਦੂਰ ਕਰਾਉਂਦੀ ਹੈ।
ਗੁਰਬਾਣੀ ਮਨ ਨੂੰ ਸਾਂਤੀ ਲਿਆਉਂਦੀ ਹੈ।
ਬਾਣੀ ਸੁੱਤੇ ਮਨ ਨੂੰ ਆਜ਼ਾਦ ਕਰਾਉਂਦੀ ਹੈ।
ਗੁਰੂ ਬਾਣੀ ਸੱਚ ਦਾ ਤੀਰ ਚਲਾਉਂਦੀ ਹੈ।
ਦੁਸ਼ਮਣ ਮਾਰ ਮਨ ਰਾਜਾ ਬਣਾਉਂਦੀ ਹੈ।

ਮਨ ਨੂੰ ਥਿਰਘਰ ਬਾਣੀ ਪਹੁੰਚਾਉਂਦੀ ਹੈ।
ਅਨਹਦ ਸ਼ਬਦ ਧੁਨ ਬਾਣੀ ਸੁਣਾਉਂਦੀ ਹੈ।
ਰੂਹਾਨੀਅਤ ਦੇ ਰਾਹ ਬਾਣੀ ਚਲਾਉਂਦੀ ਹੈ।



ਇਕਬਾਲ ਸਿੰਘ ਪੁੜੈਣ

ਮਨ ਚੌਥੇਪਦ ਗੁਰਬਾਣੀ ਪਹੁੰਚਾਉਂਦੀ ਹੈ।
ਰੱਬੀ ਨੂਰ ਵਰਖਾ ਗੁਰਬਾਣੀ ਪਵਾਉਂਦੀ ਹੈ।
ਅੰਮ੍ਰਿਤ ਰਸ ਮਨ ਨੂੰ ਬਾਣੀ ਪਿਲਾਉਂਦੀ ਹੈ।
ਸਦੀਵੀ ਅਨੰਦ ਗੁਰਬਾਣੀ ਪਹੁੰਚਾਉਂਦੀ ਹੈ।
ਮਨ, ਮੂਲ ਨਾਲ ਗੁਰਬਾਣੀ ਮਿਲਾਉਂਦੀ ਹੈ।

# ਪ੍ਰੋ. ਨਵ ਸੰਗੀਤ ਸਿੰਘ

## ਸਮਾਂ ਤੇ ਕਵਿਤਾ

ਕਦੇ ਵੀ, ਕਿਤੇ ਵੀ
ਖ਼ਤਮ ਨਹੀਂ ਹੁੰਦੀ
ਕਵਿਤਾ।

ਮੁੱਕ ਜਾਂਦੇ ਨੇ ਸ਼ਬਦ
ਸੀਮਤ ਹੈ
ਕਵੀ ਦੀ ਜ਼ਿੰਦਗੀ।

ਸਦੀਆਂ ਤੋਂ
ਇਹ ਵੰਗਾਰਦੀ
ਤੇ ਦੁਲਾਰਦੀ ਰਹੀ ਹੈ
ਤੇ ਏਵੇਂ ਹੀ ਗਤੀਸ਼ੀਲ ਰਹੇਗੀ
ਅਨੰਤ ਕਾਲ ਤੱਕ।

ਬੰਨਿਆਂ ਤੇ ਵੀ
ਪੰਨਿਆਂ ਤੇ ਵੀ।

ਅਰਦਾਸ, ਸੁਆਸ
ਜੂਹਾਂ, ਖੂਹਾਂ



ਨੀਲੱਤਣ, ਪੀਲੱਤਣ
ਸਰਸਰਾਹਟ, ਥਰਥਰਾਹਟ
ਲਰਜ਼ਦੀ, ਰੁਮਕਦੀ।

ਸਮਾਂ -
ਜੀਹਨੂੰ ਬਲੀ ਹੋਣ ਦਾ ਵਰਦਾਨ ਹੈ
ਸਿਰਫ਼
ਜ਼ਖ਼ਮਾਂ ਨੂੰ ਹੀ ਨਹੀਂ ਭਰਦਾ
ਕਵਿਤਾ ਨੂੰ ਵੀ ਭਰ ਦਿੰਦਾ ਹੈ।

# ਸੁਰਿੰਦਰ ਮਲੂਕਾ

## ਗ਼ਜ਼ਲ



ਖ਼ੁਦਾ ਦੀ ਖ਼ੁਦਾਈ ਹੈ ਦੀਦਾਰ ਤੇਰਾ।
ਸਕੂੰ ਹੈ ਮੇਰੇ ਦਿਲ ਦਾ ਇਕਰਾਰ ਤੇਰਾ।

ਮੇਰੇ ਤਾਂ ਸਿਤਾਰੇ ਜ਼ਰਾ ਗਰਦਿਸ਼ਾਂ ਵਿਚ,
ਰਹੇ ਰਾਹ ਦਿਖਾਉਂਦਾ ਸਦਾ ਪਿਆਰ ਤੇਰਾ।

ਤੂੰ ਘੱਲੇ ਜੋ ਪੈਗ਼ਾਮ ਸਾਰੇ ਹੀ ਝੂਠੇ,
ਰਿਹਾ ਨਾ ਕੋਈ ਯਾਰ ਇਤਬਾਰ ਤੇਰਾ।

ਕਦੋਂ ਤਕ ਸਹਾਂਗੇ ਤੇਰੇ ਕਹਿਰ ਜ਼ਾਲਮ,
ਕਦੋਂ ਤਕ ਰਹੂ ! ਰਾਜ ਦਰਬਾਰ ਤੇਰਾ।

ਤੇਰੇ ਨਾਲ਼ ਸੀ ਰੌਣਕਾਂ ਵਿਚ ਜ਼ਮਾਨੇ,
ਸਲਾਮਤ ਰਹੇ ਉੱਚ ਕਿਰਦਾਰ ਤੇਰਾ।

ਤੂੰ ਦਾਤਾ ਹੈਂ ਦਾਤਾਰ ਬਖਸ਼ਿਸ਼ ਹੈ ਤੇਰੀ,
ਨਾ ਭੁੱਲੇ ਅਸਾਂ ਨੂੰ ਇਹ, ਉਪਕਾਰ ਤੇਰਾ।

ਹਮੇਸ਼ਾ ਸਫ਼ਰ ਵਿਚ ਰਿਹਾ ਤੂੰ 'ਮਲੂਕੇ',
ਨਹੀਂ ਕਿਉਂ ਅਜੇ ਤੀਕ ਘਰ ਬਾਰ ਤੇਰਾ।



# ਨਛੱਤਰ ਸਿੰਘ ਭੋਗਲ "ਭਾਖੜੀਆਣਾ" (U.K)

## ਸਾਵਣ ਦਾ ਦਰਦ

ਤੂੰ ਐਸਾ ਲਾਮ ਨੂੰ ਧਾਇਆ ਵੇ
ਨਾ ਮੁੜ ਵਤਨਾਂ ਨੂੰ ਆਇਆ ਵੇ,
ਜਦ ਚੜ੍ਹ ਕੇ ਬੱਦਲ਼ ਆਉਂਦਾ ਏ
ਮਾਹੀਆ! ਤੇਰਾ ਚੇਤਾ ਆਉਂਦਾ ਏ॥

ਮਹਿਰਮ ਪਰਦੇਸੀ ਦੂਰ ਹੋਇਆ
ਤੱਤੜੀ ਦਾ ਤਨ ਮਨ ਚੂਰ ਹੋਇਆ,
ਵਸਲ ਦੀ ਜਦੋਂ ਤਰੰਗ ਛਿੜੇ
ਦਿਲ ਸਬਰ ਦੀ ਪੀਂਘ ਚੜ੍ਹਾਉਂਦਾ
ਏ।
ਜਦ ਚੜ੍ਹ ਕੇ ਬੱਦਲ਼ ਆਉਂਦਾ ਏ
ਮਾਹੀਆ! ਤੇਰਾ ਚੇਤਾ ਆਉਂਦਾ ਏ॥

ਜਦ ਕੋਇਲ ਤਰਾਨੇ ਗਾਉਂਦੀ ਹੈ
ਘਟ-ਕਾਲ਼ੀ ਕਹਿਰ ਵਰ੍ਹਾਉਂਦੀ ਹੈ,
ਬਿਰਹਾ ਦਾ ਦਰਦ ਹੰਢਾਵਾਂ ਮੈਂ
ਸੱਲ ਹਿਜ਼ਰ ਦਾ ਸੀਨੇ ਪਾਉਂਦਾ ਏ।
ਜਦ ਚੜ੍ਹ ਕੇ ਬੱਦਲ਼ ਆਉਂਦਾ ਏ
ਮਾਹੀਆ! ਤੇਰਾ ਚੇਤਾ ਆਉਂਦਾ ਏ॥

ਮੋਰਾਂ ਦੀ ਪੈਲ, ਨਾ ਮਨ ਭਾਵੇ
ਸੀਤ ਹਵਾ ਸੀਨੇ ਅੱਗ ਲਾਵੇ,
ਪਿਆਰ ਬਿਨਾ ਰੂਹ ਬੰਜਰ ਹੈ
ਇਹ ਸਾਵਣ ਖਾਣ ਨੂੰ ਆਉਂਦਾ ਏ।
ਜਦ ਚੜ੍ਹ ਕੇ ਬੱਦਲ਼ ਆਉਂਦਾ ਏ
ਮਾਹੀਆ! ਤੇਰਾ ਚੇਤਾ ਆਉਂਦਾ ਏ॥

ਲੰਬੀਆਂ ਸੁੰਨੀਆਂ ਕਾਲੀਆ ਰਾਤਾਂ
ਬੜਾ ਸਤਾਵਣ, ਮੋਹ-ਮੁਲਾਕਾਤਾਂ,
ਯਾਦ ਕਰਕੇ ਸੇਜਾਂ ਮਾਣੀਆਂ ਜੋ
ਤਦ ਕਾਲ਼ਜਾ ਮੂੰਹ ਨੂੰ ਆਉਂਦਾ ਏ।
ਜਦ ਚੜ੍ਹ ਕੇ ਬੱਦਲ਼ ਆਉਂਦਾ ਏ
ਮਾਹੀਆ! ਤੇਰਾ ਚੇਤਾ ਆਉਂਦਾ ਏ॥

ਗੈਰਾਂ ਨਾਲ ਹੱਸਿਆ ਨਹੀਂ ਜਾਂਦਾ
ਦੁੱਖ ਦਿਲ ਦਾ ਦੱਸਿਆ ਨਹੀਂ
ਜਾਂਦਾ,
ਹੁਸਨਾਂ ਦੇ ਲੱਗੇ ਬੋਹਲ਼ ਨੂੰ ਹੁਣ
ਜੋਬਨ ਦਾ ਭਾਰ ਸਤਾਉਂਦਾ ਏ।
ਜਦ ਚੜ੍ਹ ਕੇ ਬੱਦਲ਼ ਆਉਂਦਾ ਏ
ਮਾਹੀਆ! ਤੇਰਾ ਚੇਤਾ ਆਉਂਦਾ ਏ॥

ਕਿਤੇ ਮਾਲ੍ਹ-ਪੂੜੇ ਵੀ ਪੱਕਦੇ ਨੇ
ਖੀਰ ਸੌਂਗੀਆਂ ਵਾਲ਼ੀ ਚੱਖਦੇ ਨੇ,
ਸੰਗ ਬੈਠੀਆਂ ਜੋ ਦਿਲਦਾਰਾਂ ਦੇ
ਉਹੀ ਘਰ ਨੱਚਦਾ ਗਾਉਂਦਾ ਏ।
ਜਦ ਚੜ੍ਹ ਕੇ ਬੱਦਲ਼ ਆਉਂਦਾ ਏ
ਮਾਹੀਆ! ਤੇਰਾ ਚੇਤਾ ਆਉਂਦਾ ਏ॥



ਆਇਆ, ਜਾਂ ਸਾਵਣ ਨਾ
ਆਇਆ
ਬੰਬੀਹਾ-ਮਨ, ਫਿਰੇ ਤ੍ਰਿਹਾਇਆ,
ਭੋਗਲ ਮੁੜ ਆ, ਤੇਰੀਆਂ ਅੱਜ
ਲੋੜਾਂ
ਮੋਹ ਤੇਰਾ ਅਲਖ ਜਗਾਉਂਦਾ ਏ।
ਜਦ ਚੜ੍ਹ ਕੇ ਬੱਦਲ਼ ਆਉਂਦਾ ਏ
ਮਾਹੀਆ! ਤੇਰਾ ਚੇਤਾ ਆਉਂਦਾ
ਏ॥



# ਬਲਬੀਰ ਸਿੰਘ 'ਬੇਲੀ'

## ਔਖੀ ਘੜੀ ਸਦਾ ਨਹੀਂ ਰਹਿਣੀ

ਦੋਤਾਰਾ ਛੰਦ

ਅੱਗੇ ਕਈ ਮੁਹਿੰਮਾ ਨੇ,
ਆਣ ਸਿਰ ਤੇਰੇ `ਤੇ ਪਈਆਂ |
ਤੂੰ ਤਕੜੇ ਹੋ ਕੇ ਹੈ,
ਆਪਣੇ ਪਿੰਡੇ `ਤੇ ਜਰ ਲਈਆਂ |
ਜੱਗ ਮੰਨੇ ਸਾਰਾ ਹੈ,
ਤੇਰੇ ਹੌਸਲੇ ਦੀ ਕੀ ਕਹਿਣੀ |
ਨਾ ਡੋਲੀ ਪੰਜਾਬ ਸਿੰਹਾ,
ਔਖੀ ਘੜੀ ਸਦਾ ਨਹੀਂ ਰਹਿਣੀ |

ਜੋ ਆਉਂਦੇ ਲੁੱਟਣ ਸੀ,
ਹਿੱਕਾਂ ਤਾਣ ਅਬਦਾਲੀ ਡੱਕੇ |
ਤੂੰ ਜ਼ੁਲਮ ਹਨੇਰੀ ਨੂੰ,
ਰੋਕਿਆ ਕਰ ਇਰਾਦੇ ਪੱਕੇ |
ਤੂੰ ਰੱਖ`ਤੀ ਪੁੱਟਕੇ ਸੀ,
ਜਬਰ ਜ਼ੁਲਮ ਵਾਲੀ ਹੈ ਟਹਿਣੀ |
ਨਾ ਡੋਲੀ ਪੰਜਾਬ ਸਿੰਹਾ,
ਔਖੀ ਘੜੀ ਸਦਾ ਨਹੀਂ ਰਹਿਣੀ |

ਜੋ ਵਿੱਚ ਸੰਤਾਲੀ ਦੇ,
ਝੁੱਲੇ ਸੀ ਝੱਖੜ ਤੂੰ ਹੰਢਾਏ |
ਫਿਰ ਵਿੱਚ ਚੁਰਾਸੀ ਦੇ,
ਬੱਦਲ ਕਾਲੇ ਦੌਰ ਦੇ ਛਾਏ |
ਤੂੰ ਨਾਲ ਜਾਲਮਾਂ ਦੇ,
ਛੱਡੀ ਟੱਕਰ ਮੂਲ ਨਹੀਂ ਲੈਣੀ |
ਨਾ ਡੋਲੀ ਪੰਜਾਬ ਸਿੰਹਾ,
ਔਖੀ ਘੜੀ ਸਦਾ ਨਹੀਂ ਰਹਿਣੀ |

ਤੂੰ ਸਮੇਂ ਕਰੋਨਾ ਦੇ,
ਨਹੀਂ ਸੀ ਡਰ ਕੇ ਅੰਦਰ ਵੜਿਆ |
ਤੂੰ ਸਭ ਤੋਂ ਮੂਹਰੇ ਸੀ,
ਬਣ ਸੇਵਾ ਵਿੱਚ ਮੋਢੀ ਖੜਿਆ |
ਜਿਹੜੀ ਪੱਕੀ ਸਭ ਤੋਂ ਹੈ,
ਨਹੀਂ ਉਹ ਕੰਧ ਜੇਰੇ ਦੀ ਢਹਿਣੀ |
ਨਾ ਡੋਲੀ ਪੰਜਾਬ ਸਿੰਹਾ,
ਔਖੀ ਘੜੀ ਸਦਾ ਨਹੀਂ ਰਹਿਣੀ |

ਹੁਣ ਹੜ੍ਹ ਦੇ ਪਾਣੀ ਨੇ,
ਕਰ `ਤੀ ਹਾਲਤ ਮੰਦੀ ਤੇਰੀ |
ਜੱਗ ਵੇਖੇ ਸਾਰਾ ਹੈ,
ਕਿੰਨੀ ਕੁ ਦਿੱਲ `ਚ ਤੇਰੇ ਦਲੇਰੀ |
ਕਰ ਸੇਵਾ ਲੋਕਾਂ ਦੀ,
ਤੂੰ ਤਾਂ ਸ਼ੋਭਾ ਹੈ ਖੱਟ ਲੈਣੀ |
ਨਾ ਡੋਲੀ ਪੰਜਾਬ ਸਿੰਹਾ,
ਔਖੀ ਘੜੀ ਸਦਾ ਨਹੀਂ ਰਹਿਣੀ |




ਕੀ ਹੜ੍ਹ ਦਾ ਪਾਣੀ ਹੈ,
ਜ਼ੁਲਮੀ ਝੱਖੜ ਕਈ ਤੂੰ ਰੋਕੇ |
ਪੈਣ `ਬੇਲੀ `ਕਦੇ ਨਾ,
ਤੇਰੀ ਹਿੰਮਤ ਨੂੰ ਹੈ ਸੋਕੇ |
ਸਹਿਣ ਸ਼ਕਤੀ ਤੇਰੀ ਹੈ,
ਜਾਏ ਨਾ ਏਵੇਂ ਕਿਤੇ ਗ੍ਰਹਿਣੀ |
ਨਾ ਡੋਲੀ ਪੰਜਾਬ ਸਿੰਹਾ,
ਔਖੀ ਘੜੀ ਸਦਾ ਨਹੀਂ ਰਹਿਣੀ |



# ਰਮਿੰਦਰ ਰੰਮੀ

## ਤੇਰੀ ਬੇਰੁਖ਼ੀ



ਜੱਦ ਵੀ ਤੇਰਾ ਚਿਹਰਾ ਦੇਖਦੀ ਹਾਂ
ਕੁਝ ਉੱਖੜਿਆ , ਉੱਖੜਿਆ ਜਿਹਾ
ਇਕ ਚੁੱਪ, ਇਕ ਉਦਾਸੀ
ਕੁਝ ਗ਼ੁੱਸਾ , ਕੁਝ ਨਫ਼ਰਤ
ਆਪਣੇ ਪ੍ਰਤਿ ਇਹ ਬੇਰੁਖੀ ਜਿਹੀ ਦੇਖ
ਇਕ ਹੂਕ ਜਿਹੀ ਉੱਠਦੀ ਹੈ
ਸੀਨੇ ਵਿੱਚ !
ਕੁਝ ਅਣਕਹੇ ਸੁਆਲ
ਜਿਹਨਾਂ ਦੇ ਪਾਉਣਾ ਚਾਹੁੰਦੀ ਹਾਂ ਜੁਆਬ
ਤੇਰਾ ਰੁੱਖਾਪਣ ਦੇਖ
ਉਸਨੂੰ ਸੀਨੇ ਅੰਦਰ ਦਫ਼ਨ ਕਰ
ਹੰਝੂਆਂ ਦੇ ਘੁੱਟ ਪੀ
ਉਹਨਾਂ ਸੁਆਲਾਂ ਦੇ ਜਵਾਬ
ਆਪਣੇ ਅੰਦਰ ਢੂੰਡਣ ਦੇ ਯਤਨ ਕਰਦੀ
ਆਪੇ ਨੂੰ ਹੀ ਪੁੱਛਦੀ ਹਾਂ
ਇਹ ਹੈ ਮੇਰੀ ਮੁੱਹਬਤ ਦਾ ਸਿਲ਼ਾ ?
ਤੇਰੀ ਬੇਰੁਖ਼ੀ !
ਤੇਰੀ ਬੇਰੁਖ਼ੀ !!

# ਕੰਵਲਜੀਤ ਕੌਰ ਜੁਨੇਜਾ

## ਜੇ ਨਾ ਹੁੰਦਾ ਇੰਟਰਨੈਟ



ਜੇ ਨਾ ਹੁੰਦਾ ਇੰਟਰਨੈਟ

ਕਿਹਨੇ ਜਨਮ ਦਿਨ ਮਨਾਉਣਾ ਸੀ

ਕਿਹਨੇ ਬੂਟੇ ਲਾਉਣ ਦੇ ਸੁਨੇਹੇ ਦੇਣੇ ਸੀ

ਕਿਹਨੇ ਆਨਲਾਈਨ ਧੰਦੇ ਕਰਨੇ ਸੀ

ਕਿਹਨੇ ਘਰੇਲੂ ਨੁੱਸਖੇ ਦੱਸਣੇ ਸੀ

ਕਿਹਨੇ ਆਨਲਾਈਨ ਪੜਣਾ ਪੜਾਉਣਾ ਸੀ

ਕਿਹਨੇ ਆਨਲਾਈਨ ਪਾਰਟੀਆਂ ਦੇਣੀਆਂ ਸੀ

ਕਿਹਨੇ ਆਨਲਾਈਨ ਕੇਕ ਕਟਣੇ ਸੀ

ਨਾ ਰਿਸ਼ਤੇ ਟੁੱਟਣੇ ਸੀ

ਨਾ ਤਲਾਕ ਹੋਣੇ ਸੀ

ਨਾ ਅਫ਼ਵਾਹਾਂ ਫੈਲਣੀਆਂ ਸੀ

ਨਾ ਪੀਜ਼ੇ ਨੂਡਲਜ਼ ਨੇ

ਡੇਰੇ ਲਾਉਣੇ ਸੀ

ਨਾ ਬੱਚਿਆਂ ਨੇ ਵੀਡਿਓ ਗੇਮਾਂ ਵੇਖਣੀਆਂ ਸੀ

ਨਾ ਐਨਕਾਂ ਲਗਣੀਆਂ ਸੀ

ਨਾ ਸਿਹਤਾਂ ਖਰਾਬ ਹੋਣੀਆਂ ਸੀ

ਨਾ ਕੋਲ ਬੈਠੇ ਦੂਰ ਹੋਣੇ ਸੀ

ਨਾ ਕਾਰੋਨਾ ਫੈਲਣਾ ਸੀ

ਨਾ ਪ੍ਰਾਈਵੇਟ ਸਕੂਲ ਹਸਪਤਾਲਾਂ ਨੇ ਲੁਟਣਾ ਸੀ

'ਜੇ ਨਾ ਹੁੰਦਾ ਇੰਟਰਨੈਟ'

ਸਭ ਨੇ ਇੱਕ ਦੂਜੇ ਦੇ ਨੇੜੇ ਹੋਣਾ ਸੀ।



# ਲੈਕਚਰਾਰ ਦਵਿੰਦਰ ਪਾਲ ਬਾਤਿਸ਼

## ਕਾਵਿ-ਰਚਨਾ

ਮਿਹਣੇ ਮਾਰਦੇ ਨੇ ਲੋਕ ਇਨਸਾਨ ਨੂੰ,
ਹੱਥ ਜੋੜ ਮੱਥਾ ਟੇਕਦੇ ਨੇ ਭਗਵਾਨ ਨੂੰ।
ਸ਼ੌਂਕ ਬਣ ਜਾਂਦਾ ਏ ਇੱਕ ਦਿਨ ਕਲਾ,
ਤਾੜੀ ਵੱਜਦੀ ਏ ਇਨਾਮੀ ਭਲਵਾਨ ਨੂੰ।
ਸੱਚ ਕਹਿਣ ਦੀ ਜੋ ਰੱਖਦੇ ਨੇ ਸਮਰੱਥਾ,
ਉਹੋ ਹੀ ਸ਼ੈਤਾਨ ਕਹਿੰਦੇ ਨੇ ਸ਼ੈਤਾਨ ਨੂੰ।
ਜ਼ੁਲਮ ਦੀ ਹੱਦ ਸਿਰ ਚੜ੍ਹ ਕੇ ਬੋਲਦੀ,
ਸ਼ਾਂਤ ਰੱਖੀਏ ਅੰਦਰੋਂ ਜਾਗੇ ਹੈਵਾਨ ਨੂੰ।
ਕਦੇ ਵੀ ਨਾ ਕਿਸੇ ਦਾ ਹੱਕ ਮਾਰੀਏ,
ਬਣਦਾ ਭਾੜਾ ਦੇਈਏ ਸਦਾ ਰੱਥਵਾਨ ਨੂੰ।
'ਦੇਵ' ਧਿਆਨ ਦੇ ਨਾਲ ਕੰਮ ਕਰੀਏ,
ਚੁੱਕੀਏ ਸੰਭਾਲ ਕੇ ਕੱਚ ਵਾਲ਼ੇ ਸਮਾਨ ਨੂੰ।



The Hin CanaDian Times
A Multilingual Newspaper
WORLD, BUSINESS, LIFESTYLE, SPORTS
A weekly Leading Newspaper
Email : thehindcanadiantimes@gmail.com

# ਜਸਵੰਤ ਗਿੱਲ ਸਮਾਲਸਰ

## ਬਾਬੇ ਨਾਨਕ ਨੂੰ ਅਰਜ਼



### ਮਨੋਹਰ ਭਵਾਨੀ ਛੰਦ

ਬਣ ਬੰਦੇ ਨਾਬਰ ਨੇ,ਲੁੱਟੀ ਜਾਂਦੇ ਬਾਬਰ ਨੇ,
ਆਪਣੇ ਹੀ ਜਾਬਰ ਨੇ,ਮਾਰੋ ਇਨ੍ਹਾਂ ਦਾਬਾ ਜੀ।
ਹੁਣ ਕੌਣ ਤੋਲੇ, ਤੇਰਾਂ ਤੇਰਾਂ ਬਾਬਾ ਜੀ।

ਟੁੱਟੇ ਤੰਦ ਨਾਲੇ ਤਾਣੀ, ਵੰਡ ਕਰੀ ਜਾਂਦੇ ਕਾਣੀ,
ਰੋਂਦੇ ਧਰਤੀ ਤੇ ਪਾਣੀ, ਸੁੱਕੇ ਰੁੱਖ ਬਾਬਾ ਜੀ।
ਕਾਮੇ ਦੇ ਨਸੀਬ ਕਾਹਤੋਂ ਦੁੱਖ ਬਾਬਾ ਜੀ।

ਲਹੂ ਪਾਣੀ ਹੋਜੇ ਡੁੱਲ, ਜਦ ਮਿੱਟੀ ਜਾਵੇ ਰੁਲ ,
ਸਭ ਸੀਤੇ ਹੋਏ ਬੁੱਲ੍ਹ ,ਮੰਗਦੇ ਨਾ ਹੱਕ ਜੀ।
ਕਹਿ ਮਜਬੂਰੀ, ਬੰਦਾ ਚੱਬੇ ਅੱਕ ਜੀ।

ਮੀਂਹ ਕਰੇ ਨੁਕਸਾਨ, ਬੈਠਾ ਰੋਵੇ ਕਿਰਸਾਨ,
ਨਾ ਸਿਆਸੀ ਵਿਦਵਾਨ, ਮੇਟੇ ਭੁੱਖ ਬਾਬਾ ਜੀ।
ਕਾਮੇ ਦੇ ਨਸੀਬ ਕਾਹਤੋਂ ਦੁੱਖ ਬਾਬਾ ਜੀ।

ਇੱਕੋਂ ਜਿਹੇ ਨੇਤਾ ਸਾਰੇ, ਲਾਉਂਦੇ ਵੱਡੇ ਵੱਡੇ ਲਾਰੇ,
ਲੋਕੀ ਫਿਰਦੇ ਨੇ ਮਾਰੇ, ਜੀ ਜੀ ਕਰੀ ਜਾਂਵਦੇ।
ਲੋਕਾਂ ਤਾਈਂ ਲੁੱਟ ਘਰ ਭਰੀ ਜਾਂਵਦੇ।

ਜਿਨ੍ਹਾਂ ਉੱਤੇ ਹੋਵੇ ਮਾਣ, ਸੁੱਖਾਂ ਵਿੱਚ ਭੱਜੇ ਆਣ,
ਦੁੱਖਾਂ ਵਿੱਚ ਫੇਰ ਜਾਣ, ਉਹ ਮੁੱਖ ਬਾਬਾ ਜੀ।
ਕਾਮੇ ਦੇ ਨਸੀਬ ਕਾਹਤੋਂ ਦੁੱਖ ਬਾਬਾ ਜੀ।

ਲੋਕਤੰਤਰ ਹੈ ਫੇਲ੍ਹ, ਬੁੱਧੀਜੀਵੀ ਤਾੜੇ ਜੇਲ੍ਹ,
ਚੋਣਾਂ ਲਈ ਸਾਰਾ ਖੇਲ, ਲੀਡਰ ਹੈ ਰੱਚਦੇ,
ਦੰਗਿਆਂ ਦੇ ਵਿੱਚ, ਵੇਖੇ ਲੋਕੀਂ ਮੱਚਦੇ।

ਜੋੜ ਹੌਂਸਲੇ ਦੇ ਤਾਰ, ਮੰਨੀ ਗਿੱਲ ਨੇ ਨਾ ਹਾਰ,
ਹੋਣ ਖ਼ੁਸ਼ੀਆਂ ਹਜ਼ਾਰ,ਭੋਗੋ ਸੁੱਖ ਬਾਬਾ ਜੀ।
ਕਾਮੇ ਦੇ ਨਸੀਬ ਕਾਹਤੋਂ ਦੁੱਖ ਬਾਬਾ ਜੀ।

# ਰਣਜੀਤ ਆਜ਼ਾਦ ਕਾਂਝਲਾ

## ਮੁਲੰਮੇ ਦੀ ਚਮਕ



ਮੁਲੰਮੇ ਦੀ ਚਮਕ ਦਮਕ ਅੱਖਾਂ ਚੁੰਧਿਆਉਂਦੀ ਹੈ !
ਮਾਂ ਤਾਂ ਮਾਂ ਹੈ ਮਾਂ ਦੀ ਭੈਣ ਮਾਸੀ ਅਖਵਾਉਂਦੀ ਹੈ !

ਪਰਾਏ ਪਰਾਂ 'ਤੇ ਨਾ ਉਡਾਰੀ ਭਰ ਹੋਣੀ ਪਿਆਰੇ,
ਅਪਣੇ ਹੀ ਦਮ ਖਮ ਤੇ ਬਾਜ਼ੀ ਰਾਸ ਆਉਂਦੀ ਹੈ !

ਉਹ ਹੋਰ ਸਨ ਸੱਜਣ ਜੋ ਤੁਰ ਗਏ ਹੱਥ ਜੋੜਦੇ ,
ਨੈਣਾਂ ਵਿਚ ਦੂਰੋਂ ਹੀ ਮੰਜ਼ਿਲ ਨਜ਼ਰ ਆਉਂਦੀ ਹੈ !

ਰੀਝ ਦੇ ਘੋੜੇ ਚੜਿਆ ਫਿਰਦਾ ਦੁੜੰਗੇ ਮਾਰਦਾ,
ਚੁੱਪ ਧਾਰ ਬੈਠੇ ਨੂੰ ਬੋਲਣ ਤੋਂ ਸਰਮ ਆਉਂਦੀ ਹੈ !

ਝਰਨਾਹਟ 'ਜੀ ਛਿੜੀ ਵਿਛੜਿਆਂ ਨੂੰ ਚੇਤੇ ਕਰ ,
ਤੁਰ ਗਇਆਂ ਦੀ ਗਾਥਾ ਮਨ ਵਿਚ ਭਾਹੁੰਦੀ ਹੈ !

ਮਨ ਦੇ ਸਕੂਨ ਦੀ ਤਾਰ ਨਾ ਕੁਝ ਬੋਲਦੀ ਅਜੇ ,
ਚੁੱਪ ਦੀ ਆਵਾਜ਼ ਅਨਹੱਦ ਵਾਜੇ ਸੁਣਾਉਂਦੀ ਹੈ !

ਮਨ ਤੋਂ ਮਨ ਤੱਕ ਦੇ ਸਫ਼ਰ ਦਾ ਪੈਂਡਾ ਲੰਮੇਰਾ ਏ ,
ਸਾਵਾਸਾਂ ਦੀ ਸਰਗਮ ਆਪੇ ਗੁਣਗੁਣਾਉਂਦੀ ਹੈ !

ਪੌਣਾਂ ਦੀ ਕਰ ਸਵਾਰੀ ਉੱਚੀ ਉਡਾਰੀ ਭਰ ਵੇਖ ,
ਅਦਭੁੱਤ ਨਜ਼ਾਰੇ ਮਨ ਦੀ ਗਾਥਾ ਸੁਣਾਉਂਦੀ ਹੈ !

ਸਿਰ ਦੇ ਤਾਜ ਦੀ ਸਦਾ ਇੱਜ਼ਤ ਕਰਨੀ ਲੋੜਦੇ ,
ਆਪਸੀ ਮੋਹ ਦੀ ਕਥਾ ਸ਼ਬਦਾਂ 'ਚ ਗਾਉਂਦੀ ਹੈ !

ਮਾਣ ਸਤਿਕਾਰ ਕਰ ਦਿਲ ਜਿੱਤਣ ਵਾਲੇ ਸਦਾ ,
ਰਹਿੰਦੇ ਨੇ ਮੀਰੀ ਕਥਾ ਏਹੋ ਤਾਂ ਸਮਝਾਉਂਦੀ ਹੈ !

' ਆਜ਼ਾਦ ' ਤਿਰੇ ਮੋਹ ਦਾ ਪੈਮਾਨਾ ਜਾਣ ਸਕੇ ਨਾ ,
ਜੋੜ -ਘਟਾਉ ਦੇ ਤਰੀਕੇ ਬਾਤ ਜੋ ਰਚਾਉਂਦੀ ਹੈ !

# ਪਰਵੀਨ ਕੌਰ ਸਿੱਧੂ

## ਮੇਰੇ ਮਾਲਕਾ...

ਹਰ ਘਰ ਖੁਸ਼ੀਆਂ ਖੇੜੇ ਲਿਆਈਂ ਮੇਰੇ ਮਾਲਕਾ,
ਕੁਦਰਤੀ ਆਫ਼ਤਾਂ ਤੋਂ ਸਭ ਨੂੰ ਬਚਾਈ ਮੇਰੇ ਮਾਲਕਾ।

ਮਿਹਨਤ ਨਾਲ਼ ਲਾਈ ਫ਼ਸਲ ਰੁੜ੍ਹਦੀ ਨਾ ਦੇਖੀ ਜਾਂਦੀ,
ਹਰ ਜੀਅ ਜੰਤ ਨੂੰ ਰੋਟੀ-ਰੋਜ਼ੀ ਦੇਵੀਂ ਮੇਰੇ ਮਾਲਕਾ।



ਹੜ੍ਹ ਵਿੱਚ ਰੁੜ੍ਹ ਗਈਆਂ ਸੱਧਰਾਂ ਕਈਆਂ ਦੀਆਂ,
ਜ਼ਿੰਦਗੀ ਨੂੰ ਜੀਣ ਦੀ ਹਿੰਮਤ ਦੇਵੀਂ ਮੇਰੇ ਮਾਲਕਾ।

ਚਾਰੇ ਪਾਸੇ ਪਾਣੀ ਦੇ ਹੀ ਸੈਲਾਬ ਇਹ ਜੋ ਵਹਿੰਦੇ ਨੇ,
ਕੀਮਤੀ ਜ਼ਿੰਦਗੀਆਂ ਨੂੰ ਹੱਥ ਦੇ ਬਚਾਈ ਮੇਰੇ ਮਾਲਕਾ।

ਆਉ! ਇਸ ਔਖੀ ਘੜੀ ਸਾਥ ਦੇਈਏ ਆਪਣਿਆਂ ਦਾ,
ਰਹਿਮ ਹਰ ਦਿਲ ਅੰਦਰ ਜਗਾਈ ਮੇਰੇ ਮਾਲਕਾ।

ਤੇਰੇ ਹੁਕਮ ਅੰਦਰ ਹੀ ਚਲਦੀ ਹੈ ਤੇਰੀ ਕੁਦਰਤ,
ਕੁਦਰਤੀ ਆਫ਼ਤਾਂ ਤੋਂ ਹੱਥ ਦੇ ਬਚਾਈ ਮੇਰੇ ਮਾਲਕਾ।










ਸੰਪਰਕ :

ਸਰੀ (ਕੈਨੇਡਾ) ਆਫ਼ਿਸ : +16043086663

ਬਰਮਿੰਘਮ (ਯੂ.ਕੇ.) ਆਫ਼ਿਸ : +447944101658

ਇੰਡੀਆ ਆਫ਼ਿਸ : +917009770591

ਈ-ਮੇਲ : kavsansaar@gmail.com



ਅੰਤਰਰਾਸ਼ਟਰੀ ਮੈਗਜ਼ੀਨ

# ਕਾਵਿ-ਸੰਸਾਰ

ਵਰਿੰਦਰ ਸਿੰਘ ਵਿਰਦੀ

(ਮੁੱਖ-ਸੰਪਾਦਕ ਤੇ ਸੰਚਾਲਕ)

Email : kavsansaar@gmail.com

# ਨਾਟਕਕਾਰ ਡਾ. ਸਾਹਿਬ ਸਿੰਘ-( ਇਕ ਕਾਵਿ-ਚਿੱਤਰ)




ਸਿੱਧ ਰੋਜ਼ਮੱਰਾ ਦੀਆਂ ਕੀ ਨੇ ਮੂਲ ਸਮੱਸਿਆਵਾਂ
ਨਿਹਾਇਤ ਸਾਡੇ ਪੇਂਡੂਆਂ ਦੇ, ਜੀਵਨ ਦੀਆਂ
ਨਾ-ਬਰਾਬਰੀ, ਅਨਿਆਂ, ਬੇਇਨਸਾਫ਼ੀ
'ਤੇ ਲੁੱਟ-ਘਸੁਟ ਦੇ ਜ਼ਹਿਰ ਨੂੰ, ਪੀਵਣ ਦੀਆਂ

ਜਮਾਤੀ ਸਮਾਜ ਦੀਆਂ ਵਿਰੋਧਤਾਈਆਂ
ਸੱਤਾ ਦੇ ਕਾਬਜ਼, ਕਾਲੇ ਸੱਪਾਂ ਦੀਆਂ ਫੰਨਾਂ
ਪੂੰਜੀਪਤੀਆਂ ਦਾ ਗੈਰ-ਕਨੂਨੀ ਵੱਜਕਾ
ਉਚ-ਨੀਚ ਦੀ ਕਿੱਦਾਂ ਮੈਂ, ਧੌਣ ਨੂੰ ਭੰਨਾਂ

ਸਿਰਜੀਏ ਅਸੀ ਨਵਾਂ-ਨਰੋਇਆ ਸਮਾਜ
ਭਾਵੇਂ ਸੰਮਾਂ ਵਾਲੀ ਫੜਨੀ, ਪੈ ਜਾਏ ਡਾਂਗ
ਘਟ ਜਾਏ ਅਮੀਰੀ-ਗਰੀਬੀ ਦਾ ਪਾੜਾ
ਸਮਾਜਿਕ ਬਰਾਬਰਤਾ ਵੱਲ, ਪੁੱਟੀਏ ਉਲਾਂਘ

ਇਹ ਗੱਲਾਂ ਸਾਹਿਬ ਸਿੰਘ ਨਾਟਕਕਾਰ ਕਰਦਾ
ਆਪਣੇ ਇੱਕ-ਪਾਤਰੀ ਖ਼ੂਬ ਨਾਟਕਾਂ ਵਿੱਚ
ਗੁਰਸ਼ਰਨ ਭਾਅ ਜੀ ਦੀ ਗੁੜਤੀ ਅਣਮੁੱਲੀ
ਬਦੋਬਦੀ ਅਦਾਕਾਰੀ ਲੈਂਦੀ, ਸਰੋਤਿਆਂ ਨੂੰ ਖਿੱਚ



ਵਾਹ, ਪਾਤਰ ਉਸ ਦੇ, ਸਭ ਕਿਰਤੀ ਹੀ ਨੇ
ਅਮੀਰਾਂ ਦਾ ਉਹ ਕਦੇ, ਨਾਟਕ ਨਹੀਂ ਕਰਦਾ
ਹਟਵੀਂ, ਪ੍ਰਭਾਵੀ 'ਤੇ ਅਦੁੱਤੀ ਪੇਸ਼ਕਾਰੀ ਥੀਂ
ਲੱਭ ਨਾਇਕ ਆਪਣੇ ਦਾ ਹੈ, ਪਾਣੀ ਭਰਦਾ

ਐਸ਼ਕੁਮ ਐਸ਼ਵਿਕ (ਐਸ਼)

ਮਾਂ ਦੇ ਦੁੱਧ ਤੋਂ ਆਈ ਤਾਕਤ 'ਸਾਹਿਬ' ਨੂੰ
ਦੇਂਦਾ ਦਾਦ ਮਾਂ ਦੀ ਪ੍ਰੀਤ 'ਤੇ ਗੱਲਾਂ ਨੂੰ
ਸੱਭਿਆਚਾਰ, ਵਿਰਸੇ 'ਤੇ ਮਾਂ ਬੋਲੀ ਦੀ ਓਟ ਲੈ
ਦੱਸੇ ਸਮਾਜਿਕ ਕੁਰੀਤੀਆਂ ਦੇ ਨਿਰਪੱਖ ਹੱਲਾਂ ਨੂੰ

© 2023 ਐਸ਼ਕੁਮ ਐਸ਼ਵਿਕ (ਐਸ਼) ਸਮਾਜ ਸ਼ਾਸਤਰੀ , ਕਵੀ 'ਤੇ ਮੋਨੋਗਰਾਫਰ , ਯੂ.ਐਸ. ਏ.

# ਗਗਨ ਫੂਲ

## ਬੰਦਾ ਪੌਣਾ-ਪੌਣਾ ਡੁੱਬ ਰਿਹਾ



ਪਾਣੀ ਯਾਰੋ ਆ ਰਿਹਾ ਹੈ ਚਾਰੇ ਪਾਸੇ,
ਸਾਰਾ ਕੁਝ ਵਹਾਅ ਰਿਹਾ ਹੈ ਚਾਰੇ ਪਾਸੇ।
ਓ ਇੱਥੇ ਕੀ ਪੈਸਾ ਕੀ ਸ਼ੋਹਰਤ ਬੰਦਿਆ,
ਪਾਣੀ ਅੱਜ ਸਮਝਾ ਰਿਹਾ ਹੈ ਚਾਰੇ ਪਾਸੇ।
ਐਵੇਂ ਨਾ ਮੇਰੀ - ਮੇਰੀ ਕਰਿਆ ਕਰ ਤੂੰ,
ਇਕੱਠਿਆਂ ਹੀ ਰਵਾ ਰਿਹਾ ਹੈ ਚਾਰੇ ਪਾਸੇ।
ਇਹਨੂੰ ਚਾਹਕੇ ਵੀ ਕੋਈ ਰੋਕ ਨੀ ਸਕਦਾ,
ਬੰਨ੍ਹ ਯਾਰੋ ਸਭ ਤੋੜ ਰਿਹਾ ਹੈ ਚਾਰੇ ਪਾਸੇ।
ਕੋਈ ਘਰ ਹੀ ਬੈਠਾ ਭੰਡਦਾ ਫਿਰੇ ਅੱਜ,
ਕੋਈ ਦਾਣਾ ਪਾਣੀ ਭੇਜ ਰਿਹਾ ਹੈ ਚਾਰੇ ਪਾਸੇ।
ਕੋਈ ਰੱਜਿਆ ਪੁੱਜਿਆ ਵੀ ਨਾ ਦੁੱਖ ਮਨਾਵੇ,
ਭੁੱਖਾ ਵੀ ਖ਼ੈਰ ਮੰਗ ਰਿਹਾ ਹੈ ਚਾਰੇ ਪਾਸੇ।
ਕੀ ਭਾਖੜਾ, ਕੀ ਘੱਗਰ, ਕੀ ਸਤਲੁਜ ਯਾਰੋ,
ਅੱਜ ਖ਼ਤਰਾ ਇਹ ਬਣ ਰਹੇ ਨੇ ਚਾਰੇ ਪਾਸੇ।
ਕਈ ਤਾਂ ਆਪਣੇ ਬੇਜ਼ੁਬਾਨਾਂ ਦੇ ਨਾਲ ਖੜ੍ਹੇ,
ਕਈ ਐਵੇਂ ਹੀ ਛੱਡ ਭੱਜ ਰਹੇ ਨੇ ਚਾਰੇ ਪਾਸੇ।
ਜ਼ੁਬਾਨਾਂ ਨਾਲੋਂ ਬੇਜ਼ੁਬਾਨ ਬੜੇ ਹੀ ਮਰ ਰਹੇ,
ਅੱਜ ਸਾਰੇ ਹੀ ਦੁੱਖ ਭੋਗ ਰਹੇ ਨੇ ਚਾਰੇ ਪਾਸੇ।
ਮਸਾਂ ਬਣਾਇਆ ਸੀ ਇੱਕ ਕੋਠਾ ਸਾਰੀ ਉਮਰੇ,
ਇਹ ਪਾਣੀ ਕਹਿਰ ਮਚਾ ਰਿਹਾ ਹੈ ਚਾਰੇ ਪਾਸੇ।
ਕੀ ਸਾਬਕਾ ਕੀ ਮੌਜੂਦਾ ਇੱਕ ਦੂਜੇ ਤੇ ਦੋਸ਼ ਮੜ੍ਹੇ,
ਸਿਆਸਤ ਦੇ ਥੰਮ੍ਹ ਗੱਡ ਰਹੇ ਅੱਜ ਚਾਰੇ ਪਾਸੇ।
ਮਜ਼ਦੂਰਾਂ ਡੁੱਬ ਗਏ ਪਰਿਵਾਰ ਘਰਬਾਰ ਸਾਰੇ,
ਕਿਸਾਨਾਂ ਨੂੰ ਹੀ ਮੁਆਵਜਾ ਬਸ ਚਾਰੇ ਪਾਸੇ।
ਕੋਈ ਨਾ ਫੜਦਾ ਬਾਂਹ ਗਰੀਬ ਮਜ਼ਦੂਰਾਂ ਦੀ,
ਰੋ ਰਹੇ ਨੇ ਭੁੱਬਾਂ ਮਾਰ ਓ ਅੱਜ ਚਾਰੇ ਪਾਸੇ।
ਐਲਰਟ ਹੋ ਗਏ ਲਾਲ ਪਿੰਡ ਖ਼ਾਲੀ ਕਰ ਦਿਓ,
ਹੁਕਮ ਦੇ ਰਹੀ ਸਰਕਾਰ ਅੱਜ ਚਾਰੇ ਪਾਸੇ।
ਐੱਨ.ਡੀ.ਆਰ.ਐੱਫ਼ ਦੀਆਂ ਟੀਮਾਂ ਆਈਆਂ,
ਬੰਦਾ ਪੌਣਾ-ਪੌਣਾ ਡੁੱਬ ਰਿਹਾ ਹੈ ਚਾਰੇ ਪਾਸੇ।
ਆਪਣੇ ਤੇ ਜਦ ਆਣ ਪਈ, ਆ ਗਏ ਯਾਦ ਸਾਰੇ,
ਓ ਹੋ ਗਿਆ ਬੁਰਾ ਹਾਲ ਅੱਜ ਚਾਰੇ ਪਾਸੇ।
ਓ ਪੈ ਰਿਹਾ ਹੈ ਘਸਮਾਨ ਅੱਜ ਚਾਰੇ ਪਾਸੇ।

# ਫੌਜਦਾਰੀ 'ਚ ਉਲਝੇ, ਕਰੋੜਪਤੀ ਵਿਧਾਇਕ

## ਸੰਖੇਪ 'ਚ ਇੱਕ ਰਿਪੋਰਟ-ਗੁਰਮੀਤ ਸਿੰਘ ਪਲਾਹੀ

ਐਸੋਸੀਏਸ਼ਨ ਆਫ ਡੈਮੋਕਰੇਟਿਵ ਰੀਫਾਰਮਜ਼(ਏ.ਡੀ.ਆਰ) ਵਲੋਂ ਕੀਤੇ ਸਰਵੇ ਅਨੁਸਾਰ ਇੱਕ ਦਾਅਵਾ ਕੀਤਾ ਗਿਆ ਹੈ ਕਿ ਭਾਰਤ ਦੇ ਸਾਰੇ ਸੂਬਿਆਂ ਦੇ ਲਗਭਗ 44 ਫੀਸਦੀ ਵਿਧਾਇਕਾਂ ਨੇ ਆਪਣੇ ਖਿਲਾਫ ਫੌਜਦਾਰੀ ਮਾਮਲੇ ਘੋਸ਼ਿਤ ਕੀਤੇ ਹਨ। ਏ.ਡੀ.ਆਰ. ਅਤੇ ਨੈਸ਼ਨਲ ਇਲੈਕਸ਼ਨ ਵਾਚ(ਐਨ.ਈ.ਡਬਲਯੂ) ਵਲੋਂ ਕੀਤੇ ਗਏ ਸਰਵੇ 'ਚ ਦੇਸ਼ ਭਰ ਦੀਆਂ ਰਾਜ ਵਿਧਾਨ ਸਭਾਵਾਂ ਅਤੇ ਕੇਂਦਰ ਸ਼ਾਸ਼ਿਤ ਪ੍ਰਦੇਸ਼ਾਂ ਵਿੱਚ ਮੌਜੂਦਾ ਵਿਧਾਇਕਾਂ ਵਲੋਂ ਚੋਣ ਲੜਨ ਤੋਂ ਪਹਿਲਾਂ ਦਾਇਰ ਕੀਤੇ ਗਏ ਹਲਫਨਾਮਿਆਂ ਦੀ ਪੜਤਾਲ ਕੀਤੀ ਗਈ ਅਤੇ ਸਬੰਧਤ ਵੇਰਵਾ ਪ੍ਰਾਪਤ ਕੀਤਾ ਗਿਆ।

ਵਿਸ਼ਲੇਸ਼ਣ ਵਿੱਚ 28 ਰਾਜਾਂ ਦੀਆਂ ਵਿਧਾਨ ਸਭਾਵਾਂ ਅਤੇ ਦੋ ਕੇਂਦਰ ਸ਼ਾਸ਼ਿਤ ਪ੍ਰਦੇਸ਼ਾਂ ਦੇ 4,033 ਵਿਚੋਂ ਕੁਲ 4001 ਦਾ ਵੇਰਵਾ ਸ਼ਾਮਲ ਹੈ। ਈ.ਡੀ.ਆਰ. ਨੇ ਕਿਹਾ ਕਿ ਵਿਸ਼ਲੇਸ਼ਣ ਵਿੱਚ ਸ਼ਾਮਿਲ ਵਿਧਾਇਕਾਂ ਵਿੱਚੋਂ 1136 ਜਾਂ ਲਗਭਗ 28 ਫੀਸਦੀ ਨੇ ਆਪਣੇ ਵਿਰੁੱਧ ਗੰਭੀਰ ਅਪਰਾਧਿਕ ਮਾਮਲੇ ਘੋਸ਼ਿਤ ਕੀਤੇ ਹਨ,ਜਿਹਨਾ ਵਿੱਚ ਹੱਤਿਆ, ਹੱਤਿਆ ਦੇ ਯਤਨ, ਅਪਹਰਨ ਅਤੇ ਔਰਤਾਂ ਵਿਰੁੱਧ ਅਪਰਾਧ ਨਾਲ ਸਬੰਧਤ ਦੋਸ਼ ਸ਼ਾਮਿਲ ਹਨ।

ਕੇਰਲ ਵਿੱਚ 135 ਵਿਚੋਂ 95 (70 ਫੀਸਦੀ) ਵਿਧਾਇਕਾਂ ਨੇ ਆਪਣੇ ਫੌਜਦਾਰੀ ਮਾਮਲੇ ਘੋਸ਼ਿਤ ਕੀਤੇ ਹਨ। ਇਸੇ ਤਰ੍ਹਾਂ ਬਿਹਾਰ ਵਿੱਚ 242 ਵਿਚੋਂ 161 ਵਿਧਾਇਕ (67 ਫੀਸਦੀ) ਦਿੱਲੀ ਵਿੱਚ 70 ਵਿਚੋਂ 44 ਵਿਧਾਇਕ (63 ਫੀਸਦੀ) ਮਹਾਂਰਾਸ਼ਟਰ ਵਿੱਚ 284 ਵਿਚੋਂ 175 ਵਿਧਾਇਕ (62 ਫੀਸਦੀ) ਤਿਲੰਗਾਨਾ ਵਿੱਚ 118 ਵਿੱਚ 72 ਵਿਧਾਇਕ (61 ਫੀਸਦੀ) ਅਤੇ ਤਾਮਿਲਨਾਡੂ ਵਿੱਚ 224 ਵਿਧਾਇਕਾਂ ਵਿਚੋਂ 134 ਵਿਧਾਇਕ (60 ਫੀਸਦੀ) ਨੇ ਆਪਣੇ ਹਲਫਨਾਮਿਆਂ ਵਿੱਚ ਆਪਣੇ ਖਿਲਾਫ ਅਪਰਾਧਿਕ ਮਾਮਲੇ ਘੋਸ਼ਿਤ ਕੀਤੇ ਹਨ।

ਇਸਦੇ ਨਾਲ-ਨਾਲ ਈ.ਡੀ.ਆਰ. ਨੇ ਦੱਸਿਆ ਕਿ ਦਿੱਲੀ ਵਿੱਚ 70 ਵਿੱਚ 37, ਬਿਹਾਰ ਵਿੱਚ 242 ਵਿੱਚ 122, ਮਹਾਂਰਾਸ਼ਟਰ ਵਿੱਚ 284 ਵਿਚੋਂ 114 ਵਿਧਾਇਕ, ਝਾਰਖੰਡ ਵਿੱਚ 79 ਵਿੱਚੋਂ 31 ਵਿਧਾਇਕ, ਤਿਲੰਗਾਨਾ ਵਿੱਚ 118 ਵਿੱਚੋਂ 46 ਵਿਧਾਇਕ ਅਤੇ ਉਤਰਪ੍ਰਦੇਸ਼ ਵਿੱਚ 403 ਵਿਚੋਂ 155 ਵਿਧਾਇਕਾਂ ਨੇ ਆਪਣੇ ਵਿਰੁੱਧ ਗੰਭੀਰ ਫੌਜਦਾਰੀ ਮਾਮਲੇ ਘੋਸ਼ਿਤ ਕੀਤੇ ਹਨ।



ਵਿਸ਼ਲੇਸ਼ਣ ਵਿੱਚ ਔਰਤਾਂ ਦੇ ਖਿਲਾਫ ਅਪਰਾਧਾਂ ਵਿੱਚ ਸਬੰਧਤ ਪ੍ਰੇਸ਼ਾਨ ਕਰਨ ਵਾਲੇ ਅੰਕੜੇ ਵੀ ਸਾਹਮਣੇ ਆਏ। ਜਿਸ ਵਿੱਚ ਦੱਸਿਆ ਗਿਆ ਕਿ ਕੁਲ 114 ਵਿਧਾਇਕਾਂ ਨੇ ਔਰਤਾਂ ਦੇ ਖਿਲਾਫ ਅਪਰਾਧ ਨਾਲ ਸਬੰਧਤ ਮਾਮਲਿਆਂ ਦੀ ਘੋਸ਼ਣਾ ਕੀਤੀ, ਜਿਹਨਾ ਵਿੱਚ 14 ਵਿਸ਼ੇਸ਼ ਰੂਪ ਵਿੱਚ ਬਲਾਤਕਾਰ ਨਾਲ ਸਬੰਧਤ ਮਾਮਲਿਆਂ ਦੀ ਘੋਸ਼ਣਾ ਵੀ ਕੀਤੀ ਗਈ ਹੈ।

ਵਿਸ਼ਲੇਸ਼ਣ ਵਿੱਚ ਫੌਜਦਾਰੀ ਮਾਮਲਿਆਂ ਤੋਂ ਬਿਨ੍ਹਾਂ ਵਿਧਾਇਕਾਂ ਦੀ ਜਾਇਦਾਦ ਦਾ ਵੇਰਵਾ ਵੀ ਸ਼ਾਮਲ ਹੈ। ਸੂਬਿਆਂ ਦੀਆਂ ਵਿਧਾਨ ਸਭਾਵਾਂ ਵਿੱਚ ਪ੍ਰਤੀ ਵਿਧਾਇਕ ਔਸਤ ਜਾਇਦਾਦ 13.63 ਕਰੋੜ ਰੁਪਏ ਹੈ। ਹਾਲਾਂਕਿ ਕਿ ਅਪਰਾਧਿਕ ਮਾਮਲਿਆਂ ਵਾਲੇ ਵਿਧਾਇਕਾਂ ਦੀ ਔਸਤਨ ਜਾਇਦਾਦ 16.36 ਕਰੋੜ ਤੋਂ ਵਧ ਹੈ ਜਦਕਿ ਬਿਨ੍ਹਾਂ ਫੌਜਦਾਰੀ ਮਾਮਲਿਆਂ ਵਾਲੇ ਵਿਧਾਇਕਾਂ ਦੀ ਔਸਤ ਜਾਇਦਾਦ 11.45 ਕਰੋੜ ਹੈ। ਵਿਸ਼ਲੇਸ਼ਣ ਵਿੱਚ ਸਬੰਧਤ 4001 ਵਿਧਾਇਕਾਂ ਵਿੱਚ 88 ਅਰਬਪਤੀ ਪਾਏ ਗਏ ਹਨ, ਜਿਹਨਾ ਕੋਲ 100 ਕਰੋੜ ਤੋਂ ਵੱਧ ਦੀ ਜਾਇਦਾਦ ਹੈ। ਇਹਨਾ ਵਿੱਚ ਕਰਨਾਟਕ ਸਿਖਰਾਂ 'ਤੇ ਹੈ, ਜਿਥੇ 223 ਵਿੱਚ 32 ਵਿਧਾਇਕ ਅਰਬਪਤੀ ਹਨ।

# ਸਰਬਜੀਤ ਸੰਗਰੂਰਵੀ

## ਕਵਿਤਾ-ਤੀਆਂ



ਹੁਣ ਨਾ ਤੀਆਂ ਲੱਗਦੀਆਂ ਵੇਖੀਆਂ,
ਹੇਠ ਬਰੋਟੇ ਦੇ।
ਪਹਿਲਾਂ ਜਿਹੇ ਨਾ ਦਿਨ ਦਿਲ ਰਹੇ,
ਹੋ ਗਏ ਖੋਟੇ ਨੇ।
ਵਿਚ ਬਾਗ਼ਾਂ ਦੇ,ਕਿਸੇ ਨਾ ਹੁਣ,
ਪੀਂਘਾਂ ਪਾਈਆਂ ਹੁੰਦੀਆਂ ਨੇ।
ਬੇਸ਼ੱਕ ਆਉਣ ਪੇਕੇ ਮੁਟਿਆਰਾਂ,
ਨਾ ਰੌਣਕਾਂ ਲਾਈਆਂ ਹੁੰਦੀਆਂ ਨੇ।
ਹੋਇਆ ਅੱਜ ਕੱਲ ਦਿੱਸੇ ਹਰ ਕੋਈ,
ਬਿਜੀ ਆਪੋ ਆਪਣੇ ਕੰਮਾਂ ਕਾਰਾਂ ਚ।
ਹੱਸਦੇ ਖੇਡਦੇ ਦਿੱਸਦੇ ਸਾਰੇ ਉੱਤੋਂ ਉੱਤੋਂ,
ਹੁੰਦੇ ਸ਼ਾਮਿਲ ਕਈ ਬਿਮਾਰਾਂ ਵਿਚ।
ਦਿਲ ਹੋਣ ਚਾਹੇ ਟੁੱਟੇ ਹੋਏ ਸੰਗਰੂਰਵੀ ਕਈਆਂ ਦੇ,
ਰਹਿਣ  ਕੋਈ ਵੀ ਗੀਤ ਗਾਉਂਦੀਆਂ ਨੇ।
ਕੀ ਹੋਇਆ ਜੇ ਨਾ ਗਿੱਧਾ ਪਾਵਣ,
ਲਵਾ ਮਹਿੰਦੀ, ਚੂੜੀਆਂ ਪਾਉਂਦੀਆਂ ਨੇ।

# ਵਕ਼ਤ, ਭਰੋਸਾ ਤੇ ਇੱਜ਼ਤ

ਹਰ ਬੰਦਾ ਇਸ ਸੰਸਾਰ ਵਿੱਚ ਜ਼ਿੰਦਗੀ ਨੂੰ ਆਪਣੇ ਢੰਗ ਨਾਲ ਜਿਉਂਦਾ ਹੈ। ਹਰ ਬੰਦੇ ਦਾ ਆਪਣਾ ਨਜ਼ਰੀਆ ਵੱਖ ਤਰ੍ਹਾਂ ਦਾ ਹੁੰਦਾ ਹੈ। ਕੁਦਰਤ ਨੇ ਸੋਹਣੀ ਕਾਇਨਾਤ ਦੀ ਸਿਰਜਨਾ ਕੀਤੀ ਹੈ। ਵਕ਼ਤ ਬਹੁਤ ਬਲਵਾਨ ਹੁੰਦਾ ਹੈ । ਸਿਆਣੇ ਅਕਸਰ ਕਹਿੰਦੇ ਹਨ ਕਿ ਜੋ ਇਨਸਾਨ ਸਮੇਂ ਦੀ ਕਦਰ ਨਹੀਂ ਕਰਦਾ, ਸਮਾਂ ਉਸ ਨੂੰ ਬਰਬਾਦ ਕਰ ਦਿੰਦਾ ਹੈ। ਜਦੋਂ ਬੱਚਾ ਛੋਟਾ ਹੁੰਦਾ ਹੈ ਤਾਂ ਬੱਚੇ ਨੂੰ ਮਾਂ ਬਾਪ ਸਮਝਾਉਂਦੇ ਹਨ ਕਿ ਤੂੰ ਹਰ ਕੰਮ ਸਮੇਂ ਤੇ ਕਰਨਾ ਹੈ। ਸਮੇਂ ਦੇ ਮੁਤਾਬਿਕ ਜੇ ਤੂੰ ਕੰਮ ਕਰੇਗਾ ਤਾਂ ਜ਼ਿੰਦਗੀ ਵਿੱਚ ਸਫਲਤਾ ਜ਼ਰੂਰ ਹਾਸਿਲ ਕਰੇਗਾ। ਸਾਡੇ ਸਾਹਮਣੇ ਕਈ ਅਜਿਹੀਆਂ ਉਦਾਹਰਨਾਂ ਆਮ ਮਿਲ ਜਾਂਦੀਆਂ ਹਨ, ਜੋ ਇਨਸਾਨ ਸਮੇਂ ਦੀ ਕਦਰ ਨਹੀਂ ਕਰਦਾ ਫ਼ਿਰ ਬਾਅਦ ਵਿੱਚ ਉਹ ਪਛਤਾਉਂਦੇ ਹਨ। ਹਰ ਦਿਨ ਸਾਨੂੰ ਕੁੱਝ ਨਾ ਕੁੱਝ ਸੇਧ ਦੇਣ ਵਾਲਾ ਹੁੰਦਾ ਹੈ। ਬੀਤਿਆ ਹੋਇਆ ਸਮਾਂ ਚਾਹੇ ਚੰਗਾ ਸੀ ,ਜਾਂ ਮਾੜਾ ਉਸ ਤੋਂ ਸਾਨੂੰ ਜ਼ਰੂਰ ਸਬਕ ਲੈਣਾ ਚਾਹੀਦਾ ਹੈ। ਕਈ ਵਾਰ ਜਿੰਦਗੀ ਵਿੱਚ ਉਤਾਰ ਚੜ੍ਹਾਅ ਆਉਂਦੇ ਹਨ। ਜੇ ਕਦੇ ਮਾੜਾ ਸਮਾਂ ਆ ਵੀ ਗਿਆ ਤਾਂ ਉਸ ਨੂੰ ਵਰਤਮਾਨ 'ਚ ਕਦੇ ਵੀ ਯਾਦ ਨਹੀਂ ਕਰਨਾ ਚਾਹੀਦਾ। ਵਰਤਮਾਨ 'ਚ ਯਾਦ ਕਰਕੇ ਅਸੀਂ ਆਪਣਾ ਚੱਲ ਰਿਹਾ ਸਮਾਂ ਵੀ ਖ਼ਰਾਬ ਕਰ ਲੈਂਦੇ ਹਾਂ। ਮਹਾਨ ਵਿਅਕਤੀਆਂ ਮੁਤਾਬਕ ਸਾਨੂੰ ਸਿਰਫ਼ ਵਰਤਮਾਨ ਬਾਰੇ ਹੀ ਵਿਚਾਰ ਕਰਨਾ ਚਾਹੀਦਾ ਹੈ। ਤੇ ਤੈਅ ਟੀਚੇ ਲਈ ਰਣਨੀਤੀ ਉਲੀਕਣੀ ਚਾਹੀਦੀ ਹੈ। ਭਵਿੱਖ ਵਿੱਚ ਸਾਨੂੰ ਅੱਗੇ ਵੱਧਣ ਦੇ ਨਵੇਂ-ਨਵੇਂ ਰਸਤੇ ਮਿਲਦੇ ਰਹਿੰਦੇ ਹਨ। ਸਮਾਂ ਆਪਣੀ ਚਾਲ ਚੱਲਦਾ ਰਹਿੰਦਾ ਹੈ। ਸਾਨੂੰ ਕਦੇ ਵੀ ਆਲਸ ਨਹੀਂ ਕਰਨਾ ਚਾਹੀਦਾ। ਜ਼ਿੰਦਗੀ ਵਿੱਚ ਆਲਸ ਕਰਨ ਵਾਲਾ ਵਿਅਕਤੀ ਕਦੇ ਵੀ ਸਫ਼ਲਤਾ ਪ੍ਰਾਪਤ ਨਹੀਂ ਕਰ ਸਕਦਾ। ਪੰਜਾਬੀ ਦੀ ਇਕ ਪ੍ਰਸਿੱਧ ਕਹਾਵਤ ਵੀ ਹੈ ,"ਵੇਲੇ ਦੀ ਨਮਾਜ਼ ਤੇ ਕੁਵੇਲੇ ਦੀਆਂ ਟੱਕਰਾਂ। ਭਾਵ ਯੋਗ ਸਮਾਂ ਬੀਤਣ ਮਗਰੋਂ ਕੰਮ ਠੀਕ ਨਹੀਂ ਹੁੰਦਾ। ਖਾਣ ਪੀਣ, ਸੌਣ, ਜਾਗਣ ,ਖੇਡਣ ,ਪੜ੍ਹਾਈ ਲਿਖਾਈ ਤੇ ਹੋਰ ਵੀ ਨਿੱਜੀ ਕੰਮਾਂ ਲਈ ਇੱਕ ਸਮਾਂ ਨਿਰਧਾਰਿਤ ਕਰਨਾ ਚਾਹੀਦਾ ਹੈ। ਕਿਤੇ ਵੀ ਕੋਈ ਸਰਕਾਰੀ ਦਫਤਰ ਇੰਟਰਵਿਊ ਜਾਂ ਹੋਰ ਵੀ ਕੋਈ ਕੰਮ ਲਈ ਜੇ ਅਸੀਂ ਬਾਹਰ ਜਾਂਦੇ ਹਾਂ ਤਾਂ ਸਮੇਂ ਸਿਰ ਜਾਈਏ ,ਸਮੇਂ ਸਿਰ ਘਰ ਵਾਪਿਸ ਆਈਏ। ਕਿਸੇ ਦੇ ਲੜਾਈ ਝਗੜੇ ਵਿੱਚ ਪੈ ਕੇ ਕਦੇ ਵੀ ਆਪਣਾ ਸਮਾਂ ਬਰਬਾਦ ਨਹੀਂ ਕਰਨਾ ਚਾਹੀਦਾ। ਸਾਨੂੰ ਜ਼ਿੰਦਗੀ ਵਿੱਚ ਸਮੇਂ ਮੁਤਾਬਿਕ ਚਲਣਾ ਚਾਹੀਦਾ ਹੈ। ਤੇ ਚੰਗੇ ਕੰਮਾਂ ਲਈ ਸਮੇਂ ਦਾ ਪੂਰਾ ਪੂਰਾ ਲਾਭ ਉਠਾਉਣਾ ਚਾਹੀਦਾ ਹੈ। ਅਕਸਰ ਸਿਆਣੇ ਵੀ ਕਹਿੰਦੇ ਹਨ ਕਿ ਜੇ ਸਮਾਂ ਗੁਜ਼ਰ ਜਾਣ ਤੋਂ ਬਾਅਦ ਕਦਰ ਕੀਤੀ ਜਾਵੇ ਤਾਂ ਉਹ ਕਦਰ ਨਹੀਂ ਅਫ਼ਸੋਸ ਕਹਾਉਂਦਾ ਹੈ। ਜੇ ਕਦੇ ਅਤੀਤ ਵਿੱਚ ਗ਼ਲਤੀ ਹੋ ਚੁੱਕੀ ਹੈ ਤਾਂ ਉਸ ਤੋਂ ਸਬਕ ਲਵੋ। ਵਰਤਮਾਨ 'ਚ ਉਹ ਗਲਤੀ ਨਾ ਦੁਹਰਾਓ। ਹਮੇਸ਼ਾਂ ਹਾਂ ਪੱਖੀ ਸੋਚ ਰੱਖੋ। ਸਮੇਂ ਦੀ ਸੁਚੱਜੀ ਵਰਤੋਂ ਕਰਕੇ ਹੀ ਅਸੀਂ ਮੰਜ਼ਿਲ ਸਰ ਕਰ ਸਕਦੇ ਹਾਂ।

ਭਰੋਸਾ ਭਾਵ ਜਿਸ ਨੂੰ ਅਸੀਂ ਵਿਸ਼ਵਾਸ ਸ਼ਬਦ ਨਾਲ ਵੀ ਜਾਣਦੇ ਹਾਂ। ਬਿਨਾ ਕਿਸੇ ਤੇ ਵਿਸ਼ਵਾਸ ਕੀਤੇ ਅੱਗੇ ਨਹੀਂ ਵਧੀਆ ਜਾ ਸਕਦਾ। ਪਰ ਅੱਜ ਦੇ ਜ਼ਮਾਨੇ ਵਿੱਚ "ਭਰੋਸਾ" ਸ਼ਬਦ ਹੋਲੀ ਹੋਲੀ ਆਪਣੀ ਸਾਰਥਿਕਤਾ ਖ਼ਤਮ ਕਰਦਾ ਜਾ ਰਿਹਾ ਹੈ। ਚਾਹੇ ਅੱਜ ਦੀ ਜ਼ਮਾਨੇ ਵਿੱਚ ਬਹੁਤ ਸਾਰੇ



## ਸੰਜੀਵ ਸਿੰਘ ਸੈਣੀ

ਕੰਮ ਦੂਜਿਆਂ ਤੇ ਵਿਸ਼ਵਾਸ ਕਰਕੇ ਹੀ ਚੱਲ ਰਹੇ ਹਨ, ਪਰ ਲੋਕਾਂ ਵਿੱਚ ਝੂਠ, ਫਰੇਬ, ਠੱਗੀ ਕਈ ਲੋਕਾਂ ਦੀ ਫ਼ਿਤਰਤ ਬਣ ਚੁੱਕੀ ਹੈ। ਜਦੋਂ ਵੋਟਾਂ ਦਾ ਸੀਜ਼ਨ ਹੁੰਦਾ ਹੈ ਤਾਂ ਸਿਆਸੀ ਲੋਕ ਲੋਕਾਂ ਨਾਲ ਵੱਡੇ ਵੱਡੇ ਵਾਅਦੇ ਕਰਦੇ ਹਨ। ਲੋਕਾਂ ਨਾਲ ਝੂਠ ਬੋਲ ਕੇ ਉਹਨਾਂ ਨੂੰ ਵਿਸ਼ਵਾਸ਼ ਵਿੱਚ ਲੈ ਲੈਂਦੇ ਹਨ। ਜਦੋਂ ਲੋਕਾਂ ਦੇ ਕਹੇ ਮੁਤਾਬਿਕ ਸਿਆਸੀ ਲੀਡਰ ਕੰਮ ਨਹੀਂ ਕਰਦੇ ਤਾਂ ਉਨ੍ਹਾਂ ਦੇ ਅਕਸ਼ ਨੂੰ ਢਾਹ ਲੱਗਦੀ ਹੈ। ਅੱਜ ਦੇ ਜ਼ਮਾਨੇ ਵਿੱਚ ਤਾਂ ਘਰ ਵਿੱਚ ਹੀ ਕਈ ਪਰਿਵਾਰਿਕ ਮੈਂਬਰ, ਜਾਂ ਬਿਜਨਸ ਵਿੱਚ ਕੋਈ ਮੈਂਬਰ ਆਪਣੇ ਹੀ ਕਰੀਬੀ ਦੋਸਤ ਨਾਲ ਧੋਖਾ ਕਰ ਦਿੰਦੇ ਹਨ। ਅੱਜ ਦੇ ਅਜਿਹੇ ਕਲਯੁਗ ਵਿੱਚ ਵਿਸ਼ਵਾਸ ਕਰਨਾ ਬਹੁਤ ਮੁਸ਼ਕਿਲ ਹੋ ਚੁੱਕਿਆ ਹੈ। ਅਕਸਰ ਸੋਸ਼ਲ ਮੀਡੀਆ ਤੇ ਵੀ ਝੂਠ ਤੂਫ਼ਾਨ ਬੋਲ ਕੇ ਲੋਕਾਂ ਨੂੰ ਗੁਮਰਾਹ ਕੀਤਾ ਜਾ ਰਿਹਾ ਹੈ। ਲੋਕਾਂ ਦਾ ਵਿਸ਼ਵਾਸ ਜਿਹਾ ਉਠ ਚੁੱਕਾ ਹੈ। ਅਕਸਰ ਦੇਖਿਆ ਜਾਂਦਾ ਹੈ ਕਿ ਨਕਲੀ ਆਈਡੀ ਬਣਾ ਕੇ ਲੋਕਾਂ ਤੋਂ ਪੈਸੇ ਵਸੂਲੇ ਜਾਂਦੇ ਹਨ। ਜਿਸ ਇਨਸਾਨ ਉੱਤੇ ਅਸੀਂ ਭਰੋਸਾ ਕਰਦੇ ਹਾਂ ਉਸ ਲਈ ਬਹੁਤ ਮਾਣ ਵਾਲੀ ਗੱਲ ਹੁੰਦੀ ਹੈ। ਜਦੋਂ ਅਜਿਹਾ ਇਨਸਾਨ ਸਾਡਾ ਵਿਸ਼ਵਾਸ ਤੋੜਦਾ ਹੈ ਤਾਂ ਸਾਡੇ ਦਿਲ ਨੂੰ ਬਹੁਤ ਠੇਸ ਪਹੁੰਚਦੀ ਹੈ। ਜਿਸ ਇਨਸਾਨ ਤੇ ਵਿਸ਼ਵਾਸ ਕਰ ਰਹੇ ਹੋ ਤਾਂ ਚੰਗੀ ਤਰ੍ਹਾਂ ਕਰੋ। ਉਸ ਇਨਸਾਨ ਨੂੰ ਵੀ ਸੋਚਣਾ ਚਾਹੀਦਾ ਹੈ ਕਿ ਇਹ ਇਨਸਾਨ ਮੇਰੇ ਤੇ ਅੱਖਾਂ ਬੰਦ ਕਰਕੇ ਭਰੋਸਾ ਕਰਦਾ ਹੈ । ਜੋ ਇਨਸਾਨ ਸਾਡੇ ਨਾਲ ਇੱਕ ਵਾਰ ਧੋਖਾ ਕਰ ਜਾਂਦਾ ਹੈ ਉਸ ਉੱਤੇ ਵਿਸ਼ਵਾਸ ਬਿਲਕੁਲ ਵੀ ਨਾ ਕਰੋ। ਵੈਸੇ ਵੀ ਅੱਜ ਦੇ ਜ਼ਮਾਨੇ ਵਿੱਚ ਤਾਂ ਵਿਸ਼ਵਾਸ ਕਰਨ ਲਾਇਕ ਕੋਈ ਰਿਹਾ ਵੀ ਨਹੀਂ ਹੈ। ਦੋਸਤੀ ਵਿਸ਼ਵਾਸ ਤੇ ਚੱਲਦੀ ਹੈ।

ਇੱਜ਼ਤ ਸਾਰਿਆਂ ਦੀ ਕਰੋ, ਚਾਹੇ ਕੋਈ ਛੋਟਾ ਹੈ ਜਾਂ ਵੱਡਾ ਹੈ। ਅਮੀਰ ਹੈ ਜਾਂ ਗਰੀਬ ਹੈ। ਕਦੇ ਵੀ ਕਿਸੇ ਨੂੰ ਉੱਚਾ ਬੋਲ ਨਾ ਬੋਲੀਏ। ਪਰਮਾਤਮਾ ਤੋਂ ਡਰ ਕੇ ਰਹਿਣਾ ਚਾਹੀਦਾ ਹੈ। ਕਈ ਵਾਰ ਅਸੀਂ ਦੇਖਦੇ ਹਾਂ ਕਿ ਸਾਨੂੰ ਪੈਸੇ ਦਾ ਇਨਾਂ ਘੁਮੰਡ ਹੁੰਦਾ ਹੈ, ਸਾਹਮਣੇ ਵਾਲੇ ਨੂੰ ਪਤਾ ਨਹੀਂ ਕਿੰਨਾ ਕੁ ਮੰਦੇ ਸ਼ਬਦ ਬੋਲ ਦਿੰਦੇ ਹਨ। ਅਕਸਰ ਦਫਤਰਾਂ ਵਿੱਚ ਦੇਖਿਆ ਜਾਂਦਾ ਹੈ ਕਿ ਵੱਡਾ ਅਧਿਕਾਰੀ, ਆਪਣੇ ਥੱਲੇ ਵਾਲਿਆਂ ਨੂੰ ਮੰਦੀ ਭਾਸ਼ਾ ਬੋਲਦਾ ਹੈ। ਫਿਰ ਅਜਿਹੇ ਅਧਿਕਾਰੀ ਦੀ ਕੋਈ ਵੀ ਇੱਜ਼ਤ ਨਹੀਂ ਕਰਦਾ। ਗੁੱਸੇ ਵਿੱਚ ਆ ਕੇ ਪਤਾ ਨਹੀਂ ਕੀ ਕੁੱਝ ਬੋਲ ਦਿੱਤਾ ਜਾਂਦਾ ਹੈ ।ਇਸੇ ਤਰ੍ਹਾਂ ਪਰਿਵਾਰਾਂ ਵਿੱਚ ਛੋਟਿਆਂ ਨੂੰ ਵੱਡਿਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਮਾਂ ਪਿਓ ਦੀ ਇੱਜ਼ਤ ਕਰਨੀ ਚਾਹੀਦੀ ਹੈ। ਵੱਡਿਆਂ ਨੂੰ ਵੀ ਛੋਟਿਆਂ ਨਾਲ ਪਿਆਰ ਕਰਨਾ ਚਾਹੀਦਾ ਹੈ। ਜੇ ਅਸੀਂ ਕਿਸੇ ਤੋਂ ਉਮੀਦ ਰੱਖਦੇ ਹਨ ਕਿ ਉਹ ਬੰਦਾ ਸਾਡੀ ਇੱਜ਼ਤ ਕਰੇ ਤਾਂ ਸਾਡਾ ਵੀ ਫਰਜ਼ ਬਣਦਾ ਹੈ ਕਿ ਅਸੀਂ ਉਸ ਬੰਦੇ ਨੂੰ ਬਰਾਬਰ ਦਾ ਆਦਰ ਮਾਣ ਸਤਿਕਾਰ ਦੇਈਏ। ਅਕਸਰ ਕਿਹਾ ਵੀ ਜਾਂਦਾ ਹੈ ਕਿ ਵਕ਼ਤ ,ਭਰੋਸਾ ਤੇ ਇੱਜ਼ਤ ਜੇ ਇਕ ਵਾਰ ਹੱਥ ਤੋਂ ਨਿਕਲ ਜਾਂਦੇ ਹਾਂ ਤਾਂ ਦੁਬਾਰਾ ਕਮਾਣੀ ਬਹੁਤ ਮੁਸ਼ਕਿਲ ਹੁੰਦੇ ਹਨ। ਸਮਾਂ ਰਹਿੰਦਿਆ ਤਿੰਨਾਂ ਦੀ ਕਦਰ ਕਰਨੀ ਚਾਹੀਦੀ ਹੈ। ਤਾਂ ਹੀ ਅਸੀਂ ਜ਼ਿੰਦਗੀ ਖੁਸ਼ਹਾਲ ਢੰਗ ਨਾਲ ਬਸਰ ਕਰ ਸਕਦੇ ਹਨ।

# ਲੋਕਾਈ ਦੀ ਪੀੜ ਨੂੰ ਆਪਣੀ ਪੀੜ ਬਣਾ ਕੇ ਪੇਸ਼ ਕਰਨ ਵਾਲਾ ਸੰਘਰਸ਼ਸ਼ੀਲ ਸ਼ਾਇਰ : ਚਰਨਜੀਤ ਗਿੱਲ




ਚਰਨਜੀਤ ਸਮਾਲਸਰ, ਚਰਨਜੀਤ ਗਿੱਲ ਸਮਾਲਸਰ। ਅਸਲ ਵਿੱਚ ਇੱਕ ਸ਼ਾਇਰ ਦਾ ਹੀ ਨਾਮ ਹੈ। ਚਰਨਜੀਤ ਕਿਤਾਬੀ ਵਰਤ ਵਰਤਾਰੇ ਵਿੱਚ ਭਾਵੇਂ ਅਸਲੋਂ ਹੀ ਨਵੇਂ ਨਾਮ ਵਜੋਂ ਜਾਣਿਆ ਜਾਂ ਸਮਝਿਆ ਜਾਵੇ ਪਰ ਸਾਹਿਤ ਅਤੇ ਸਾਹਿਤਕ ਅਦਾਰਿਆਂ ਨਾਲ ਉਹ ਚੜ੍ਹਦੀ ਉਮਰੇ ਹੀ ਘਰ ਵਰਗੀ ਸਾਂਝ ਪਾਲੀ ਬੈਠਾ ਹੈ। ਉਸਦੀ ਕਵਿਤਾ ਨੂੰ ਪੜ੍ਹਦਿਆਂ ਮੈਂ ਮਹਿਸੂਸ ਕੀਤਾ ਹੈ ਕਿ ਉਹ 'ਕਵਿਤਾ' ਦੇ ਨਾਮ 'ਤੇ ਧੜੱਲੇ ਨਾਲ ਛਪ ਰਹੀਆਂ ਕਾਵਿ-ਪੁਸਤਕਾਂ ਦੇ ਪ੍ਰਦੂਸ਼ਣ ਵਰਗੇ ਮਾਹੌਲ ਤੋਂ ਕੋਹਾਂ ਦੂਰ ਹੈ। ਉਸ ਦੀ ਕਵਿਤਾ ਵਿੱਚ ਵੇਖੇ ਸੁਣੇ ਸੱਚ ਨਾਲੋਂ ਹੱਡੀਂ ਹੰਢਾਇਆ ਸੱਚ ਜਿਆਦਾ ਪ੍ਰਤੱਖ ਅਤੇ ਪ੍ਰਬਲ ਨਜ਼ਰ ਆਉਂਦਾ ਹੈ। ਉਸਨੇ ਜ਼ਿੰਦਗੀ ਦੇ ਸੱਚ ਅਤੇ ਸਫਰ ਨੂੰ ਫ਼ੀਤੇ ਨਾਲ ਨਹੀਂ ਪੈਰਾਂ ਨਾਲ ਮਿਣਿਆ ਹੈ। ਇਸ ਕਰਕੇ ਉਸਦੀ ਕਵਿਤਾ ਨਿੱਜਵਾਦੀ ਸੁਰ ਵਾਲੀ ਹੁੰਦੀ ਹੋਈ ਵੀ ਲੋਕ ਫ਼ਿਕਰ ਅਤੇ

ਪੀੜਾ ਦੀ ਜ਼ਬਾਨ ਬਣਦੀ ਹੈ। ਮੈਂ ਜਦ ਉਸਦੀਆਂ ਕਵਿਤਾਵਾਂ 'ਚੋਂ ਅਜੇ ਲੰਘਣਾ ਸੀ। ਮੇਰੇ ਅੰਦਰ ਕਈ ਸ਼ੰਕੇ ਅਤੇ ਸੰਸੇ ਸਨ। ਕਿਉਂਕਿ ਚਰਨਜੀਤ ਮਰਹੂਮ ਉਸਤਾਦ ਗ਼ਜ਼ਲਗੋ ਮਹਿੰਦਰ ਸਾਥੀ ਹੋਰਾਂ ਦੀ ਭਰਵੀਂ ਹਾਜ਼ਰੀ ਭਰਦਾ ਰਿਹਾ ਹੈ। ਉਹ ਪ੍ਰਸਿੱਧ ਕਹਾਣੀਕਾਰ ਅਤੇ ਸ਼ਾਇਰ ਮਿੱਤਰ ਗੁਰਮੀਤ ਕੜਿਆਲਵੀ ਹੋਰਾਂ ਕੋਲੋਂ ਵੀ ਥਾਪੜੇ ਦੇ ਰੂਪ ਵਿੱਚ ਗੱਫੇ ਛੱਕਦਾ ਰਹਿੰਦਾ ਹੈ ਅਤੇ ਭਾਜੀ ਬਲਦੇਵ ਸਿੰਘ ਸੜਕਨਾਮਾ ਦੇ ਮੋਹ ਦਾ ਵੀ ਹਿੱਸਾ ਹੈ। ਮੈਂ ਸੋਚਦਾ ਸਾਂ ਕਿ ਯਕੀਨਨ ਇਨ੍ਹਾਂ ਸਾਰਿਆਂ ਨੇ ਚਰਨਜੀਤ ਦੀ ਕਵਿਤਾ ਨੂੰ ਪਲੋਸਿਆ ਵੀ ਹੋਵੇਗਾ ਅਤੇ ਕੁੱਝ ਵਾਰ ਢਾਹ ਕੇ ਨਵੇਂ ਸਿਰਿਓਂ ਧਰੇ ਵੀ ਹੋਣਗੇ ਤੇ ਇੰਝ ਚਰਨਜੀਤ ਦੀ ਆਪਣੀ ਕਵਿਤਾ ਕਿੱਥੇ ਹੋਵੇਗੀ? ਪਰ ਉਸਦੀਆਂ ਕਵਿਤਾਵਾਂ 'ਚੋਂ ਲੰਘਦਿਆਂ ਸਾਰੇ ਸ਼ੰਕੇ, ਸੰਸੇ 'ਮਿਟੀ ਧੁੰਦ' ਵਾਂਗ ਨਵਿਰਤ ਹੋ ਗਏ। ਵੱਡੀਆਂ ਸਖ਼ਸ਼ੀਅਤਾਂ ਨੇ ਚਰਨਜੀਤ ਦੀ ਕਵਿਤਾ ਨੂੰ ਪਲੋਸਿਆ ,ਨਿਹਾਰਿਆ ਅਤੇ ਆਸ਼ੀਰਵਾਦ ਦਿੱਤਾ ਹੈ, ਰਾਜਗਿਰੀ ਨਹੀਂ ਕੀਤੀ ਇਹ ਮੇਰੇ ਲਈ ਤਸੱਲੀ ਵਾਲੀ ਗੱਲ ਹੋ ਨਿੱਬੜੀ ਹੈ। ਚਰਨਜੀਤ ਦੀਆਂ ਕੁੱਝ ਕਵਿਤਾਵਾਂ ਸਮਰੱਥ ਕਵਿਤਾਵਾਂ ਦੇ 'ਬਰ' ਦੀਆਂ ਹਨ। ਭਾਵੇਂ ਕਿ ਉਸਦੀਆਂ ਬਹੁਤੀਆਂ ਕਵਿਤਾਵਾਂ ਨਾਹਰਾਮਈ ਸੁਰ ਵਿੱਚ ਲਿਖੀਆਂ ਗਈਆਂ ਹਨ। ਤਸੱਲੀ ਅਤੇ ਸਿਦਕ ਵਾਲੀ ਗੱਲ ਇਹ ਹੈ ਕਿ ਉਨ੍ਹਾਂ ਨਾਹਰਿਆਂ ਵਿੱਚ ਵੀ ਲੋਕਾਈ ਦੇ ਫ਼ਿਕਰ ਹਨ। ਆਪਣੇ ਪਹਿਲੇ ਕਾਵਿ- ਸੰਗ੍ਰਹਿ 'ਫ਼ਿਕਰ ਨਾ ਕਰੀਂ' ਵਿੱਚ ਕਿਸ ਨੂੰ ਸੰਬੋਧਤ ਹੋ ਰਿਹਾ ਹੈ ਅਤੇ ਕਿਸ ਨੂੰ ਚਿੰਤਾ ਮੁਕਤ ਕਹਿ ਰਿਹਾ ਹੈ ? ਇਨ੍ਹਾਂ ਸਵਾਲਾਂ ਦੇ ਜਵਾਬ ਹੀ ਉਸਦਾ ਕਾਵਿ-ਵਿਸਥਾਰ ਬਣਦਾ ਹੈ ਪਰ ਆਪ ਫ਼ਿਕਰਾਂ ਦੀ ਡੱਬਖੜੱਬੀ ਖੇਸੀ ਫ਼ੈਸ਼ਨ ਵਜੋਂ ਮੋਢੇ 'ਤੇ ਧਰ ਕੇ ਨਹੀਂ ਤੁਰਦਾ ਸਗੋਂ ਸਾਰੀ ਦੀ ਸਾਰੀ ਖੇਸੀ ਆਪਣੇ ਆਲੇ-ਦੁਆਲੇ ਲਪੇਟ ਕੇ ਤੁਰਦਾ ਹੈ। ਸੱਤਾ 'ਤੇ ਕਾਬਜ਼ ਧਿਰਾਂ ਮਦਾਰੀ ਤਾਂ ਹਨ, ਨਾਲ ਨਾਲ ਲਲਾਰੀ ਬਣਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਇਸੇ ਕਰਕੇ 'ਲਾਲ-ਰੰਗ ਸਮੇਤ ਸਾਡੇ ਸਾਰੇ ਰੰਗਾਂ ਨੂੰ ਭਗਵੇਂ ਰੰਗ ਵਿੱਚ ਰੰਗਣ ਦੀ ਜ਼ਿੱਦ ਅਤੇ ਕੋਸ਼ਿਸ਼ ਕਰ ਰਹੀਆਂ ਹਨ। ਏਥੋਂ ਤੱਕ ਨਾਵਾਂ, ਥਾਵਾਂ ਰਿਸ਼ਤਿਆਂ ਅਤੇ ਬਾਹਾਂ ਨੂੰ ਭਗਵੇਂ ਰੰਗ ਵਿੱਚ ਰੰਗਿਆ ਜਾ ਰਿਹਾ ਹੈ। ਇਸ ਕਰੁੱਤੀ ਰੁੱਤ ਵਿੱਚ ਸ਼ਾਇਰ ਕਿਵੇਂ ਚੁੱਪ ਰਹਿ ਸਕਦਾ ਹੈ।

ਉਹ ਚਾਹੁੰਦੇ ਨੇ
ਮੇਰੀ ਕਲਾਮ ਦੀ ਸਿਆਹੀ ਸੁੱਕ ਜਾਵੇ
ਅੱਖਰ ਕ੍ਰਾਂਤੀ ਰੁਕ ਜਾਵੇ
'ਲਾਲ' ਤਾਂ ਜਮਾ ਈ ਮੁੱਕ ਜਾਵੇ
ਸਿਆਸਤ ਦੀ ਸੱਪਣੀ ਮੇਰੀ ਕਲਮ ਦੀ ਨੋਕ 'ਤੇ
ਜ਼ਹਿਰ ਉਗਲ ਜਾਵੇ
ਉਨ੍ਹਾਂ ਦੀ ਮਨਸ਼ਾ ਹੈ
ਕ੍ਰਾਂਤੀ ਜਾਂ ਲਾਲ ਦੀ ਜਗ੍ਹਾ
ਮੇਰੀ ਕਲਮ ਭਗਵੇਂ ਅੱਖਰ ਪਾਵੇ
ਸਿਆਸਤ ਦੇ ਗੁਣ ਗਾਵੇ
ਤੇ ਵਾਹ ਵਾਹ ਕਰਵਾਵੇ ....

ਚਰਨਜੀਤ ਦੀ ਕਿਤਾਬ 'ਫ਼ਿਕਰ ਨਾ ਕਰੀਂ' ਨੂੰ ਖੁਸ਼-ਆਮ-ਦੀਦ ਕਹਿੰਦਾ ਹੋਇਆ ਉਸ ਦੀ ਕਲਮ ਤੋਂ ਹਮੇਸ਼ਾ ਇਹ ਤਵੱਕੋ ਕਰਦਾ ਰਹਾਂਗਾ ਕਿ ਉਹ ਹਮੇਸ਼ਾ 'ਸੱਚ ਸੁਣਾਇ ਸੀ ਸੱਚ ਕੀ ਬੇਲਾ' ਤੇ ਪਹਿਰਾ ਦਿੰਦੀ ਰਹੇਗੀ।

**-ਬਖਤਾਵਰ ਧਾਲੀਵਾਲ (ਪ੍ਰੋ:)**
ਉਮਰਾ ਨੰਗਲ
(ਸ਼੍ਰੀ ਅੰਮ੍ਰਿਤਸਰ ਸਾਹਿਬ)

# " ਪੰਜਾਬ ਸਾਹਿਤ ਅਕਾਡਮੀ ਅਤੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਸ਼ਿਵ ਕੁਮਾਰ ਬਟਾਲਵੀ ਨੂੰ ਸਮਰਪਿਤ ਅੰਤਰਰਾਸ਼ਟਰੀ ਕਾਵਿ ਮਿਲਣੀ ਵੈਬੀਨਾਰ ਸਦਾ ਲਈ ਯਾਦਗਾਰੀ ਹੋ ਨਿਬੜਿਆ "

16 ਜੁਲਾਈ ਐਤਵਾਰ ਨੂੰ ਪੰਜਾਬ ਸਾਹਿਤ ਅਕਾਡਮੀ ਅਤੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋ ਸ਼ਿਵ



ਕੁਮਾਰ ਬਟਾਲਵੀ ਨੂੰ ਸਮਰਪਿਤ ਅੰਤਰਰਾਸ਼ਟਰੀ ਕਾਵਿ ਮਿਲਣੀ ਵੈਬੀਨਾਰ ਦਾ ਆਯੋਜਨ ਕੀਤਾ ਗਿਆ । ਡਾ ਸਰਬਜੀਤ ਕੌਰ ਸੋਹਲ ਪ੍ਰਧਾਨ ਪੰਜਾਬ ਸਾਹਿਤ ਅਕਾਡਮੀ ਵੱਲੋਂ ਵੈਬੀਨਾਰ ਵਿੱਚ ਹਾਜ਼ਰੀਨ ਮੈਂਬਰਜ਼ ਨੂੰ ਨਿੱਘਾ ਜੀ ਆਇਆਂ ਕਿਹਾ ਗਿਆ ਤੇ ਪ੍ਰਧਾਨ ਰਿੰਟੂ ਭਾਟੀਆ ਜੀ ਨੇ ਆਪਣੀ ਸੁਰੀਲੀ ਅਵਾਜ਼ ਵਿੱਚ ਸ਼ਿਵ ਕੁਮਾਰ ਬਟਾਲਵੀ ਦੇ ਇੱਕ ਗੀਤ ਨਾਲ ਵੈਬੀਨਾਰ ਦਾ ਆਗਾਜ਼ ਕੀਤਾ । ਰਿੰਟੂ ਜੀ ਨੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਚੀਫ਼ ਐਡਵਾਈਜ਼ਰ ਤੇ ਮਾਡਰੇਟਰ ਸ ਪਿਆਰਾ ਸਿੰਘ ਕੁੱਦੋਵਾਲ ਜੀ ਨੂੰ ਪ੍ਰੋਗਰਾਮ ਦਾ ਸੰਚਾਲਨ ਕਰਨ ਲਈ ਕਿਹਾ ਗਿਆ । ਸ. ਪਿਆਰਾ ਸਿੰਘ ਕੁੱਦੋਵਾਲ ਜੀ ਨੇ ਪੰਜਾਬ ਸਾਹਿਤ ਅਕਾਡਮੀ ਅਤੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਬਾਰੇ ਵਿੱਚ ਸੰਖੇਪ ਵਿੱਚ ਆਪਣੇ ਵਿਚਾਰ ਸਾਂਝੇ ਕੀਤੇ ।ਮੁੱਖ ਮਹਿਮਾਨ ਡਾ ਹਰਜੀਤ ਸਿੰਘ ਸੱਧਰ ਜੀ ਤੇ ਡਾ ਦਵਿੰਦਰ ਸੈਫੀ ਜੀ , ਵਿਸ਼ੇਸ਼ ਮਹਿਮਾਨ ਡਾ ਜਸਪਾਲ ਸਿੰਘ ਦੇਸੂਵੀ , ਡਾ ਰਾਕੇਸ਼ ਤਿਲਕ ਰਾਜ , ਡਾ ਪੁਸ਼ਵਿੰਦਰ ਕੌਰ ਖੋਖਰ ਤੇ ਡਾ ਸਤਿੰਦਰ ਕੌਰ ਕਾਹਲੋਂ ਤੇ ਨਾਮਵਰ ਸਤਿਕਾਰਿਤ ਕਵੀਜਨ ਹਰਦਮ ਮਾਨ , ਡਾ ਅਮਨਦੀਪ ਕੌਰ ਬਰਾੜ , ਗੁਰਚਰਨ ਸਿੰਘ ਜੋਗੀ , ਰਾਜ ਲਾਲੀ , ਇਕਬਾਲ ਬਰਾੜ , ਅਮਰਜੀਤ ਪੰਛੀ , ਸੁਖਦੀਪ ਕੌਰ ਬਿਰਧਨੋ , ਪਰਜਿੰਦਰ ਕੌਰ ਕਲੇਰ ਤੇ ਬਲਜਿੰਦਰ ਕੌਰ ਦੀ ਰਸਮੀ ਜਾਣ ਪਹਿਚਾਣ ਕਰਾਉਂਦੇ ਹੋਏ ਸੱਭ ਨੂੰ ਆਪਣੀ ਵਾਰੀ ਤੇ ਰਚਨਾ ਪੇਸ਼ ਕਰਨ ਲਈ ਕਿਹਾ ਗਿਆ । ਜ਼ਿਆਦਾ ਕਵੀਆਂ ਨੇ ਆਪਣੀਆਂ ਰਚਨਾਵਾਂ ਨੂੰ ਤਰੁੰਨਮ ਵਿੱਚ ਪੇਸ਼ ਕੀਤਾ । ਜ਼ਿਆਦਾ ਸ਼ਾਇਰਾਂ ਨੇ ਸ਼ਿਵ ਕੁਮਾਰ ਬਟਾਲਵੀ ਦੀਆਂ ਰਚਨਾਵਾਂ ਨੂੰ ਬਹੁਤ ਸੁਰੀਲੇ ਸੁਰਾਂ ਵਿੱਚ ਪੇਸ਼ ਕੀਤਾ । ਸੰਚਾਲਕ ਸ ਪਿਆਰਾ ਸਿੰਘ ਕੁੱਦੋਵਾਲ ਜੀ ਨੇ ਸਮੇਂ ਨੂੰ ਧਿਆਨ ਵਿੱਚ ਰੱਖਦੇ ਹੋਏ , ਬਹੁਤ ਸੰਜਮ ਤੇ ਹਲੀਮੀ ਵਿੱਚ ਪ੍ਰੋਗਰਾਮ ਦਾ ਸੰਚਾਲਨ ਕੀਤਾ , ਜੋਕਿ ਕਾਬਿਲੇ ਤਾਰੀਫ਼ ਸੀ ।ਸੱਭ ਸ਼ਾਇਰਾਂ ਦੀਆਂ ਰਚਨਾਵਾਂ ਤੇ ਪੇਸ਼ਕਾਰੀ ਬਾਕਮਾਲ ਸੀ । ਡੇਢ ਘੰਟੇ ਵਿੱਚ ਸੱਭ ਸ਼ਾਇਰਾਂ ਦੀਆਂ ਰਚਨਾਵਾਂ ਦੀ ਪੇਸ਼ਕਾਰੀ ਦੇ ਬਾਦ ਵੈਬੀਨਾਰ ਵਿੱਚ ਹਾਜ਼ਰੀਨ ਹੋਰ ਵੀ ਸ਼ਾਇਰਾਂ ਨੇ ਆਪਣੀ ਸੁਰੀਲੀ ਅਵਾਜ਼ ਵਿੱਚ ਪੇਸ਼ਕਾਰੀ ਕੀਤੀ

। ਦੇਸ਼ਾਂ ਵਿਦੇਸ਼ਾਂ ਤੋਂ ਬਹੁਤਾਤ ਵਿੱਚ ਨਾਮਵਰ ਸ਼ਖ਼ਸੀਅਤਾਂ , ਸਾਹਿਤਕਾਰਾਂ ਤੇ ਸ਼ਾਇਰਾਂ ਨੇ ਸ਼ਿਰਕਤ ਕੀਤੀ । ਤਿੰਨ ਘੰਟੇ ਸੱਭ ਮੈਂਬਰਜ਼ ਮੰਤਰ ਮੁਗਧ ਹੋ ਬੈਠੇ ਰਹੇ ਤੇ ਹਰੇਕ ਸ਼ਾਇਰ ਦੀ




ਰਚਨਾ ਨੂੰ ਉਹਨਾਂ ਨੇ ਕੀਲ ਕੇ ਰੱਖਿਆ । ਵਿਜੇਤਾ ਭਾਰਦਵਾਜ , ਲਕਸ਼ਰੀ ਰਾਮ ਜਾਖੂ , ਪਰਮਜੀਤ ਕੌਰ ਜੈਸਵਾਲ , ਇਕਬਾਲ ਸਿੰਘ ਪੁੜੈਣ ਜੀ ਨੇ ਵੀ ਆਪਣੀਆਂ ਰਚਨਾਵਾਂ ਨੂੰ ਪੇਸ਼ ਕੀਤਾ । ਡਾ ਨੈਬ ਸਿੰਘ ਮੰਡੇਰ ਤੇ ਪੂਨਮ ਸਿੰਘ ਪ੍ਰੀਤਲੜੀ ਜੀ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ । ਕੈਨੇਡਾ ਤੋਂ ਸ ਹਰਦਿਆਲ ਸਿੰਘ ਝੀਤਾ , ਨਿਰਵੈਲ ਸਿੰਘ ਅਰੋੜਾ , ਦਲਬੀਰ ਸਿੰਘ ਕਥੂਰੀਆ ਤੇ ਰਵਿੰਦਰ ਸਿੰਘ ਕੰਗ ਜੀ ਤੇ ਨਦੀਮ ਅਫ਼ਜ਼ਲ ਨੇ ਵਿਸ਼ੇਸ਼ ਤੋਰ ਤੇ ਇਸ ਵੈਬੀਨਾਰ ਵਿੱਚ ਆਪਣੀ ਸ਼ਮੂਲੀਅਤ ਕੀਤੀ । ਸੁਰਜੀਤ ਕੌਰ ਤੇ ਰਮਿੰਦਰ ਰੰਮੀ ਨੇ ਵੀ ਆਪਣੀਆਂ ਰਚਨਾਵਾਂ ਸੁਣਾ ਕੇ ਵੈਬੀਨਾਰ ਵਿੱਚ ਆਪਣੀ ਹਾਜ਼ਰੀ ਲੁਆਈ । ਸ ਪਿਆਰਾ ਸਿੰਘ ਕੁੱਦੋਵਾਲ ਜੀ ਨੇ ਵੀ ਸ਼ਿਵ ਦੀ ਰਚਨਾ ਆਪਣੀ ਮਿੱਠੀ ਅਵਾਜ਼ ਵਿੱਚ ਗਾ ਕੇ ਸੁਣਾਈ । ਸਰਪ੍ਰਸਤ ਸੁਰਜੀਤ ਕੌਰ ਜੀ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਤੇ ਪ੍ਰੋਗਰਾਮ ਨੂੰ ਸਮਅੱਪ ਵੀ ਕੀਤਾ । ਸੁਰਜੀਤ ਕੌਰ ਨੇ ਇਹ ਵੀ ਦੱਸਿਆ ਕਿ ਡਾ ਸਰਬਜੀਤ ਕੌਰ ਸੋਹਲ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਮਜ਼ਬੂਤ ਥੰਮ ਹਨ , ਜਿਸ ਦਿਨ ਦੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਪ੍ਰੋਗਰਾਮ ਹੋ ਰਹੇ ਹਨ ਹਰ ਮੀਟਿੰਗ ਵਿੱਚ ਸ਼ਿਰਕਤ ਕਰਦੇ ਹਨ ਤੇ ਸਾਨੂੰ ਹੱਲਾਸ਼ੇਰੀ ਵੀ ਦਿੰਦੇ ਹਨ । ਦੇਸ਼ਾਂ ਵਿਦੇਸ਼ਾਂ ਤੋਂ ਬਹੁਤਾਤ ਵਿੱਚ ਨਾਮਵਰ ਸਾਹਿਤਕਾਰਾਂ ਤੇ ਸ਼ਾਇਰਾਂ ਨੇ ਸ਼ਿਰਕਤ ਕੀਤੀ ਤੇ ਸ਼ਿਵ ਕੁਮਾਰ ਬਟਾਲਵੀ ਨੂੰ ਸਮਰਪਿਤ ਇਹ ਕਾਵਿ ਮਿਲਣੀ ਸੱਚਮੁੱਚ ਯਾਦਗਾਰ ਹੋ ਨਿਬੜੀ ਹੈ । ਪੰਜਾਬ ਸਾਹਿਤ ਅਕਾਡਮੀ ਅਤੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਸ਼ਿਵ ਕੁਮਾਰ ਬਟਾਲਵੀ ਨੂੰ ਸਮਰਪਿਤ ਇਹ ਅੰਤਰਰਾਸ਼ਟਰੀ ਕਾਵਿ ਮਿਲਣੀ ਵੈਬੀਨਾਰ ਸਦਾ ਲਈ ਯਾਦਗਾਰੀ ਹੋ ਨਿਬੜਿਆ । ਜਿਸਦੇ ਚਰਚੇ ਦੇਸ਼ਾਂ ਵਿਦੇਸ਼ਾਂ ਵਿੱਚ ਹੋ ਰਹੇ ਹਨ ।

**ਰਮਿੰਦਰ ਰੰਮੀ**
**ਫ਼ਾਊਂਡਰ ਤੇ ਪ੍ਰਬੰਧਕ**
**ਅੰਤਰਰਾਸ਼ਟਰੀ ਸਾਹਿਤਕ ਸਾਂਝਾਂ**

# ਭਾਰਤ ਵਿੱਚੋਂ ਪਹਿਲੇ ਨੰਬਰ 'ਤੇ ਰਹਿਣ ਵਾਲਾ ਪੰਜਾਬ ਅੱਜ 25ਵੇਂ ਸਥਾਨ 'ਤੇ ਆ ਗਿਆ – ਰਾਜਵਿੰਦਰ ਬੈਂਸ

## ਕਾਰਪੋਰੇਟਸ ਇਕੱਲੇ ਭਾਰਤ ਵਿਚ ਹੀ ਨਹੀਂ ਪੱਛਮੀ ਦੁਨੀਆਂ ਵਿਚ ਵੀ ਰਾਜਨੀਤੀ 'ਤੇ ਕਾਬਜ਼




ਸਰੀ, (ਹਰਦਮ ਮਾਨ)-ਸਾਊਥ ਏਸ਼ੀਅਨ ਰੀਵਿਊ ਅਤੇ ਜੀਵੇ ਪੰਜਾਬ ਅਦਬੀ ਸੰਗਤ ਵੱਲੋਂ 'ਪੰਜਾਬ ਦੀ ਦਸ਼ਾ ਅਤੇ ਦਿਸ਼ਾ' ਉਪਰ ਕਰਵਾਈ ਜਾ ਰਹੀ ਆਨ-ਲਾਈਨ ਵਿਚਾਰ ਚਰਚਾ ਦੀ ਚੌਥੀ ਲੜੀ ਵਿਚ ਇਸ ਵਾਰ ਪੰਜਾਬ ਦੇ ਸੀਨੀਅਰ ਐਡਵੋਕੇਟ ਅਤੇ ਮਨੁੱਖੀ ਅਧਿਕਾਰਾਂ ਲਈ ਸਰਗਰਮ ਸ਼ਖ਼ਸੀਅਤ ਰਾਜਵਿੰਦਰ ਸਿੰਘ ਬੈਂਸ ਮੁੱਖ ਬੁਲਾਰੇ ਵਜੋਂ ਸ਼ਾਮਲ ਹੋਏ ਅਤੇ ਉਨ੍ਹਾਂ ਮਨੁੱਖੀ ਅਧਿਕਾਰਾਂ ਦੇ ਨਾਲ ਨਾਲ ਪੰਜਾਬ ਦੀ ਮੌਜੂਦਾ ਸਥਿਤੀ, ਭਾਰਤੀ ਆਜ਼ਾਦੀ, ਅੰਗਰੇਜ਼ਾਂ ਤੇ ਮੁਗਲਾਂ ਦੇ ਕਾਲ ਵਿਚ ਇਨਸਾਫ ਦੀ ਹਾਲਤ, ਵਿਕਸਤ ਤਕਨਾਲੋਜੀ, ਵਿਸ਼ਵ ਪੱਧਰ 'ਤੇ ਕਾਰਪੋਰੇਟਸ ਦੇ ਗ਼ਲਬਾ ਅਤੇ ਹੋਰ ਕਈ ਅਹਿਮ ਵਿਸ਼ਿਆਂ ਉਪਰ ਆਪਣੇ ਵਿਚਾਰ ਪੇਸ਼ ਕੀਤੇ। ਇਸ ਚਰਚਾ ਵਿਚ ਭਾਰਤ, ਪਾਕਿਸਤਾਨ, ਕੈਨੇਡਾ, ਅਮਰੀਕਾ ਤੋਂ ਪੰਜਾਬ ਨਾਲ ਸਿਨੇਹ ਰੱਖਣ ਵਾਲੀਆਂ ਕਈ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ।

ਵਿਚਾਰ ਚਰਚਾ ਦੇ ਸੰਚਾਲਕ ਨਵਰੂਪ ਸਿੰਘ ਨੇ ਸਭ ਨੂੰ ਜੀ ਆਇਆਂ ਆਖਿਆ ਅਤੇ ਭੁਪਿੰਦਰ ਸਿੰਘ ਮੱਲ੍ਹੀ ਨੇ ਰਾਜਵਿੰਦਰ ਸਿੰਘ ਬੈਂਸ ਬਾਰੇ ਸੰਖੇਪ ਜਾਣ ਪਛਾਣ ਕਰਵਾਈ। ਨਵਰੂਪ ਸਿੰਘ ਵੱਲੋਂ ਮਨੁੱਖੀ ਅਧਿਕਾਰਾਂ ਸੰਬੰਧੀ ਪੁੱਛੇ ਗਏ ਸਵਾਲ ਤੋਂ ਸੰਵਾਦ ਸ਼ੁਰੂ ਕਰਦਿਆਂ ਐਡਵੋਕੇਟ ਰਾਜਵਿੰਦਰ ਸਿੰਘ ਬੈਂਸ ਨੇ ਕਿਹਾ ਕਿ ਅਸਲ ਵਿਚ ਮਨੁੱਖੀ ਅਧਿਕਾਰਾਂ ਦਾ ਸਿੱਧਾ ਜਿਹਾ ਮਤਲਬ ਹੈ ਕਿ ਜੀਹਦੇ ਕੋਲ ਤਾਕਤ ਹੈ ਉਸ ਦੀ ਦੁਰਵਰਤੋਂ ਨੂੰ ਰੋਕਣਾ ਅਤੇ ਜਿਹੜੇ ਤਾਕਤ-ਵਿਹੂਣੇ ਹਨ ਉਨ੍ਹਾਂ ਨੂੰ ਸ਼ਕਤੀ ਪ੍ਰਦਾਨ ਕਰਨਾ। ਪਲੈਟੋ ਦੇ ਸ਼ਬਦਾਂ ਨੂੰ ਪੰਜਾਬੀ ਲਹਿਜ਼ੇ ਵਿਚ ਪੇਸ਼ ਕਰਦਿਆਂ ਉਨ੍ਹਾਂ ਕਿਹਾ ਕਿ ਜਦੋਂ ਤੱਕ ਸੰਤ ਸਿਪਾਹੀ ਨਹੀਂ ਬਣਦਾ ਅਤੇ ਸਿਪਾਹੀ ਸੰਤ ਨਹੀਂ ਬਣ ਜਾਂਦਾ ਉਦੋਂ ਤੱਕ ਮਨੁੱਖੀ ਅਧਿਕਾਰ ਸੁਰੱਖਿਅਤ ਨਹੀਂ ਹੋ ਸਕਦੇ। ਉਨ੍ਹਾਂ ਇਹ ਵੀ ਕਿਹਾ ਕਿ ਕੌਮੀਕਰਨ ਦੇ ਨਾਂ 'ਤੇ ਭਾਰਤ ਵਿਚ ਸਭ ਤੋਂ ਜ਼ਿਆਦਾ ਸ਼ੋਸ਼ਣ ਹੋ ਰਿਹਾ ਹੈ ਜਦੋਂ ਕਿ ਮਨੁੱਖੀ ਅਧਿਕਾਰ ਕਾਨੂੰਨ ਅਨੁਸਾਰ ਕਿਸੇ ਵੀ ਵਿਅਕਤੀ ਨੂੰ ਦੇਸ਼, ਧਰਮ, ਕੌਮ ਦੇ ਕਿਸੇ ਵੀ ਕਾਰਜ ਲਈ ਮਜ਼ਬੂਰ ਨਹੀਂ ਕੀਤਾ ਜਾ ਸਕਦਾ।

ਉਨ੍ਹਾਂ ਦਸ਼ਾ ਅਤੇ ਦਿਸ਼ਾ ਦੀ ਗੱਲ ਕਰਦਿਆਂ ਕਿਹਾ ਕਿ ਦਰਅਸਲ ਦਸ਼ਾ ਉਦੋਂ ਹੀ ਖਰਾਬ ਹੁੰਦੀ ਹੈ ਜਦੋਂ ਦਿਸ਼ਾ ਗ਼ਲਤ ਹੋਵੇ। ਇਸ ਸੰਦਰਭ ਵਿਚ ਪੰਜਾਬ ਬਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਦਿਸ਼ਾ ਤੋਂ ਭਟਕ ਚੁੱਕਾ ਹੈ। ਅੱਜ ਏਥੇ ਸਿੱਖਿਆ, ਸਿਹਤ, ਖੇਡਾਂ, ਰੁਜ਼ਗਾਰ ਦੀ ਗੱਲ ਨਹੀਂ ਅਤੇ ਬੇਅਦਬੀ ਵਰਗੇ ਮਸਲਿਆਂ ਨੇ ਆਮ ਲੋਕਾਂ ਨੂੰ ਉਲਝਾਇਆ ਹੋਇਆ ਹੈ ਜਦੋਂ ਕਿ ਸਮਝਣ ਦੀ ਲੋੜ ਹੈ ਕਿ ਜਿਹੜੀ ਚੀਜ਼ ਅਸੰਵੇਦਨਸ਼ੀਲ ਹੋਵੇ ਉਸ ਦੀ ਬੇਅਦਬੀ ਨਹੀਂ ਹੁੰਦੀ। ਪਰ ਅਫਸੋਸ ਕਿ ਕੁਝ ਲੋਕਾਂ ਨੇ ਹਾਲਾਤ ਇਹ ਬਣਾ ਦਿੱਤੇ ਹਨ ਕਿ ਗ਼ੈਰ ਸਿੱਖ ਲੋਕ ਹੁਣ ਗੁਰਦੁਆਰਿਆਂ ਵਿਚ ਜਾਣ ਤੋਂ ਵੀ ਝਿਜਕਦੇ ਹਨ। ਦਿਸ਼ਾਹੀਣ ਸਦਕਾ ਹੀ ਪੰਜਾਬ ਦੀ ਹਾਲਤ ਇਹ ਬਣ ਗਈ ਹੈ ਕਿ 1971 ਵਿਚ ਖੇਡਾਂ, ਸਿਹਤ, ਸਿੱਖਿਆ ਅਤੇ ਹੋਰ ਕਈ ਖੇਤਰਾਂ ਵਿਚ

ਭਾਰਤ ਵਿੱਚੋਂ ਪਹਿਲੇ ਨੰਬਰ 'ਤੇ ਰਹਿਣ ਵਾਲਾ ਪੰਜਾਬ ਅੱਜ 25ਵੇਂ ਸਥਾਨ 'ਤੇ ਆ ਗਿਆ ਹੈ। ਉਨ੍ਹਾਂ ਕਿਹਾ ਕਿ ਸੋਚਣ ਵਾਲੀ ਗੱਲ ਹੈ ਕਿ ਕਿੱਥੇ ਬਾਬਾ ਨਾਨਕ ਦੀ ਸਰਬ ਸਾਂਝੀਵਾਲਤਾ ਦੀ ਫਿਲਾਸਫੀ ਅਤੇ ਕਿੱਥੇ ਅੱਜ ਅਸੀਂ ਖੜ੍ਹੇ ਹਾਂ?

ਅੰਗਰੇਜ਼ੀ ਰਾਜ ਵੇਲੇ ਇਨਸਾਫ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਅੰਗਰੇਜ਼ਾਂ ਨੇ ਲਾਅ ਐਂਡ ਆਰਡਰ ਸਥਾਪਿਤ ਕੀਤਾ ਅਤੇ ਜਿੱਥੇ ਲਾਅ ਐਂਡ ਆਰਡਰ ਹੋਵੇ ਉੱਥੇ ਲੋਕਾਂ ਨੂੰ ਥੋੜ੍ਹਾ ਬਹੁਤ ਇਨਸਾਫ ਮਿਲਦਾ ਹੈ। ਅੰਗਰੇਜ਼ਾਂ ਨੇ 125 ਅਜਿਹੇ ਕਾਨੂੰਨ ਬਣਾਏ ਸਨ ਅਤੇ ਦਲਿਤਾਂ ਨੂੰ ਬਰਾਬਰ ਸਮਝਿਆ। ਅੱਜ ਵੀ ਪੁਰਾਣੇ ਲੋਕ ਗੱਲਾਂ ਕਰਦੇ ਹਨ ਕਿ ਅੰਗਰੇਜ਼ਾਂ ਦੇ ਰਾਜ ਵਿਚ ਕਾਨੂੰਨ ਦਾ ਡਰ ਸੀ ਪਰ ਅੱਜ ਹਾਲਾਤ ਇਹ ਹਨ ਕਿ ਕਤਲ ਕਰਨ ਵਾਲਿਆਂ ਨੂੰ ਵੀ ਕਾਨੂੰਨ ਤੋਂ ਕੋਈ ਡਰ ਨਹੀਂ ਲੱਗਦਾ।

ਭਾਰਤ ਦੇ ਲੋਕਾਂ ਨੂੰ ਮਿਲੀ ਆਜ਼ਾਦੀ ਬਾਰੇ ਉਨ੍ਹਾਂ ਦਾ ਕਹਿਣਾ ਸੀ ਕਿ ਅਸਲ ਵਿਚ ਭਾਰਤ ਵਿਚ ਸਭ ਨੂੰ ਆਜ਼ਾਦੀ ਅਚਾਨਕ ਮਿਲ ਗਈ, ਔਰਤਾਂ ਨੂੰ ਬਰਾਬਰ ਦੇ ਅਧਿਕਾਰ ਮਿਲ ਗਏ, ਸਭ ਨੂੰ ਵੋਟ ਪਾਉਣ ਦਾ ਅਧਿਕਾਰ ਮਿਲ ਗਿਆ ਜਦੋਂ ਕਿ ਕਈ ਮੁਲਕਾਂ ਦੀਆਂ ਉਦਾਹਰਣਾਂ ਸਾਹਮਣੇ ਹਨ ਕਿ ਉੱਥੋਂ ਦੇ ਲੋਕਾਂ ਨੂੰ ਵੋਟ ਦਾ ਹੱਕ ਹਾਸਲ ਕਰਨ, ਔਰਤਾਂ ਨੂੰ ਆਪਣੇ ਅਧਿਕਾਰ ਪ੍ਰਾਪਤ ਕਰਨ ਲਈ ਲੰਮਾਂ ਸਮਾਂ ਸੰਘਰਸ਼ ਕਰਨਾ ਪਿਆ। ਇਕ ਸਵਾਲ ਦੇ ਜਵਾਬ ਵਿਚ ਸ. ਬੈਂਸ ਨੇ ਕਿਹਾ ਕਿ ਭਾਰਤ ਦਾ ਕੈਨੇਡਾ, ਨਿਊਜ਼ੀਲੈਂਡ, ਆਸਟ੍ਰੇਲੀਆ ਵਰਗੇ ਦੇਸ਼ਾਂ ਨਾਲ ਮੁਕਾਬਲਾ ਕਰਨਾ ਉੱਕਾ ਹੀ ਗ਼ਲਤ ਹੈ। ਭਾਰਤ ਦੀ ਆਬਾਦੀ ਇਨ੍ਹਾਂ ਨਾਲੋਂ 33 ਗੁਣਾਂ ਵੱਧ ਹੈ। ਭਾਰਤ ਵਿਚ ਮਨੁੱਖੀ ਅਧਿਕਾਰਾਂ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਨ੍ਹਾਂ ਤੱਥਾਂ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਅਮਰੀਕਾ ਦੀਆਂ ਜੇਲ੍ਹਾਂ ਵਿਚ ਭਾਰਤ ਦੀਆਂ ਜੇਲ੍ਹਾਂ ਨਾਲੋਂ ਦੁੱਗਣੇ ਕੈਦੀ ਹਨ। ਭਾਰਤ ਵਿਚ ਜਿੱਥੇ 50 ਸਾਲ ਪਹਿਲਾਂ ਕਿਸੇ ਵੱਡੇ ਅਫਸਰ, ਲੀਡਰ, ਤਾਕਤਵਰ ਵਿਅਕਤੀ ਵਿਰੁੱਧ ਐਫ.ਆਈ.ਆਰ. ਵੀ ਦਰਜ ਨਹੀਂ ਹੁੰਦੀ ਸੀ ਪਰ ਹੁਣ ਅਸੀਂ ਦੇਖ ਸਕਦੇ ਹਾਂ ਕਿ ਕਿੰਨੇ ਅਫਸਰ, ਲੀਡਰ ਜੇਲ੍ਹਾਂ ਵਿਚ ਸਜ਼ਾ ਭੁਗਤ ਰਹੇ ਹਨ। ਉਨ੍ਹਾਂ ਕਿਹਾ ਕਿ ਸਾਡੀ ਟੀਮ ਨੇ ਹੀ 35-40 ਪੁਲਿਸ ਅਫਸਰਾਂ ਨੂੰ ਲਾਈਫ-ਟਾਈਮ ਜੇਲ੍ਹ ਦੀ ਸਜ਼ਾ ਕਰਵਾਈ ਹੈ। ਉਨ੍ਹਾਂ ਕਿਹਾ ਕਿ ਕਈ ਸਥਿਤੀਆਂ ਅਜਿਹੀਆਂ ਹੁੰਦੀਆਂ ਹਨ ਕਿ ਕੈਨੇਡਾ, ਫਰਾਂਸ ਅਤੇ ਹੋਰਨਾਂ ਵਿਕਸਤ ਦੇਸ਼ਾਂ ਵਿਚ ਪੁਲਿਸ, ਲੋਕਾਂ ਨਾਲ ਓਹੀ ਵਿਹਾਰ ਕਰਦੀ ਹੈ ਜੋ ਭਾਰਤ ਵਿਚ ਪੁਲਿਸ ਕਰਦੀ ਹੈ। ਸ. ਬੈਂਸ ਅਨੁਸਾਰ ਲੋਕਾਂ ਲਈ ਬੋਲਣ ਦੀ ਆਜ਼ਾਦੀ ਘਟੀ ਨਹੀਂ ਅਤੇ ਨਾ ਹੀ ਲੋਕਾਂ ਵਿਚ ਡਰ ਹੈ। ਬੇਸ਼ੱਕ ਲੋਕਾਂ ਦੀ ਆਜ਼ਾਦੀ ਖਤਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਪੁਲਿਸ ਦੀ ਕਾਰਗੁਜ਼ਾਰੀ ਅਤੇ ਅਦਾਲਤਾਂ ਦਾ ਪੱਧਰ ਡਿੱਗ ਰਿਹਾ ਹੈ ਪਰ ਫੇਰ ਵੀ ਅਜਿਹੇ ਕੁਝ ਪੁਲਿਸ ਅਫਸਰ ਹਨ ਜੋ ਆਸ ਬੰਨ੍ਹਾਉਂਦੇ ਹਨ ਕਿ ਸਮਾਂ ਪੈਣ 'ਤੇ ਭਾਰਤ ਵਿਚ ਵੀ ਲਾਅ ਐਂਡ ਆਰਡਰ ਕਾਇਮ ਹੋਵੇਗਾ।

ਭਾਰਤ ਦੀ ਰਾਜਨੀਤੀ ਉਪਰ ਕਾਰਪੋਰੇਟ ਦੇ ਕਾਬਜ਼ ਹੋਣ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਇਕੱਲੇ ਭਾਰਤ ਵਿਚ ਹੀ ਨਹੀਂ ਪੱਛਮੀ ਦੁਨੀਆਂ ਵਿਚ ਵੀ ਇਹੋ ਹੀ ਹਾਲਤ ਹੈ। ਅਸਲੀਅਤ ਤਾਂ ਇਹ ਹੈ ਕਿ ਕਾਰਪੋਰੇਟਸ ਪੱਛਮ ਤੋਂ ਆ ਰਹੇ ਹਨ। ਬਿੱਲ ਗੇਟਸ ਵਰਗੇ ਵਿਸ਼ਵ ਦੀਆਂ ਸਿਹਤ ਸਕੀਮਾਂ ਘੜ ਰਹੇ ਹਨ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਆਖਿਆ ਕਿ ਕਿਸਾਨ ਅੰਦੋਲਨ ਨੇ ਭਾਰਤ ਦੇ ਲੋਕਾਂ ਸਾਹਮਣੇ ਕਾਰਪੋਰੇਟਸ ਦਾ ਚਿਹਰਾ ਮੁਹਰਾ ਨੰਗਾ ਕਰ ਦਿੱਤਾ ਹੈ। ਕਿਸਾਨ ਅੰਦੋਲਨ ਨੇ ਸਹੀ ਮਾਅਨਿਆਂ ਵਿਚ ਪੰਜਾਬ ਦੇ ਸੱਭਿਆਚਾਰ, ਭਾਈਚਾਰੇ, ਸਦਭਾਵਨਾ ਨੂੰ ਮੁੜ ਜ਼ਿੰਦਾ ਕਰ ਦਿਖਾਇਆ ਹੈ।

ਯੂਨੀਫਾਰਮ ਸਿਵਲ ਕੋਡ (ਯੂ.ਸੀ.ਸੀ.) ਬਾਰੇ ਵਿਚਾਰ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਤਾਂ ਪਹਿਲਾਂ ਹੀ ਭਾਰਤ ਵਿਚ ਲਾਗੂ ਹੈ ਅਤੇ ਇਸ ਦਾ ਸਿੱਖਾਂ, ਮੁਸਲਮਾਨਾਂ ਜਾਂ ਹੋਰ ਘੱਟ ਗਿਣਤੀ ਲੋਕਾਂ ਉਪਰ ਅਮਲੀ ਰੂਪ ਵਿਚ ਕੋਈ ਫਰਕ ਨਹੀਂ ਪੈਣਾ। ਇਹ ਵੱਖ ਵੱਖ ਫਿਰਕਿਆਂ ਵਿਚ ਇਕ ਜ਼ਹਿਰ ਘੋਲਣ ਦੀ ਰਾਜਨੀਤਕ ਚਾਲ ਹੈ ਜੋ ਅਗਲੇ ਸਾਲ ਆ ਰਹੀਆਂ ਚੋਣਾਂ ਹਥਿਆਉਣ ਲਈ ਚੱਲੀ ਗਈ ਹੈ।

ਲਹਿੰਦੇ ਅਤੇ ਚੜ੍ਹਦੇ ਪੰਜਾਬ ਦੇ ਲੋਕਾਂ ਦੀ ਗੱਲ ਕਰਦਿਆਂ ਐਡਵੋਕੇਟ ਬੈਂਸ ਨੇ ਕਿਹਾ ਕਿ ਦੋਹਾਂ ਦੇਸ਼ਾਂ ਦੇ ਲੋਕ ਜਦੋਂ ਇਕ ਦੂਜੇ ਦੇ ਦੇਸ਼ ਵਿਚ ਜਾਂਦੇ ਹਨ ਤਾਂ ਲੀਡਰਾਂ ਵੱਲੋਂ ਪੇਸ਼ ਕੀਤੇ ਜਾਂਦੀ ਤਸਵੀਰ ਸਭ ਝੂਠੀ ਦਿਸਦੀ ਹੈ। ਦੋਹਾਂ ਪੰਜਾਬਾਂ ਦੇ ਲੋਕ ਵਿਚ ਆਪਸ ਵਿਚ ਮੋਹ-ਪਿਆਰ ਅਤੇ ਚਾਅ ਨਾਲ ਮਿਲਦੇ ਹਨ ਅਤੇ ਇਕ ਦੂਜੇ ਪ੍ਰਤੀ ਬੇਹੱਦ ਸੇਵਾ-ਭਾਵਨਾ ਰੱਖਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਵਿਚਲਾ ਬਾਰਡਰ ਖੁੱਲ੍ਹਣ, ਦੋਹਾਂ ਦੇਸ਼ਾਂ ਵਿਚ ਵਿਉਪਾਰ ਸ਼ੁਰੂ ਹੋਣ ਅਤੇ ਆਉਣ ਜਾਣ ਦੀ ਖੁੱਲ੍ਹ ਮਿਲਣ ਨਾਲ ਹੀ ਪੰਜਾਬ ਦੀ ਖੁਸ਼ਹਾਲੀ ਸੰਭਵ ਹਸ ਸਕਦੀ ਹੈ।

ਇਸ ਵਿਚਾਰ ਚਰਚਾ ਵਿਚ ਨਵਨੀਤ ਕੌਰ, ਦਲਵਿੰਦਰ ਅਟਵਾਲ, ਡਾ. ਸੁਖਵਿੰਦਰ ਵਿਰਕ, ਭੁਪਿੰਦਰ ਮੱਲ੍ਹੀ, ਸਲਵਿੰਦਰ ਢਿੱਲੋਂ, ਨਿਰਦੋਸ਼, ਪ੍ਰਭਜੋਤ ਪਰਮਾਰ, ਅੱਬਾਸ, ਅਮਰੀਕ ਸਿੰਘ, ਰਵਿੰਦਰ ਸ਼ਰਮਾ, ਡਾ. ਸ਼ਬਨਮ ਮੱਲ੍ਹੀ ਅਤੇ ਹੋਰ ਕਈ ਸ਼ਖ਼ਸੀਅਤਾਂ ਨੇ ਸਵਾਲਾਂ ਰਾਹੀਂ ਵਿਚਾਰ ਚਰਚਾ ਨੂੰ ਅੱਗੇ ਵਧਾਇਆ। ਵਿਚਾਰ ਚਰਚਾ ਵਿਚ ਹੋਰਨਾਂ ਤੋਂ ਇਲਾਵਾ ਡਾ. ਗਿਆਨ ਸਿੰਘ, ਡਾ. ਜਗਜੀਤ ਸਿੰਘ, ਜਸਵਿੰਦਰ ਮਿਨਹਾਸ, ਅਜਮੇਰ ਸਿੱਧੂ, ਅਮਰਜੀਤ ਜੋਸ਼ੀ, ਸ਼ਬੀਰ ਜੀ, ਅਸ਼ੋਕ ਭਾਰਗਵ, ਬੂਟਾ ਸਿੰਘ, ਵੱਕਾਰ ਸਿਪਰਾ, ਬਲਜਿੰਦਰ ਬੂਰਾ, ਡਾ. ਸੰਦੀਪ ਸੈਣੀ, ਲਾਲ ਸਿੰਘ, ਗੁਰਦਾਸ ਢਡਵਾਲ, ਗੁਰਪ੍ਰੀਤ ਕੌਰ, ਗੁਰਮੀਤ ਸਿੰਘ, ਨਿੱਕੀ ਜੰਡੂ, ਸੁੱਚਾ ਦੀਪਕ, ਸਲਵਿੰਦਰ ਢਿੱਲੋਂ, ਡਾ. ਚਰਨਜੀਤ, ਅਮਰਜੀਤ ਢਿੱਲੋਂ, ਪੀਟਰ ਬੈਂਸ, ਅਰਮਿਤਾ ਕਮਲ, ਹਰਦਮ ਸਿੰਘ ਮਾਨ, ਚਰਨਜੀਤ ਕੌਰ, ਰਾਜਿੰਦਰ ਸਿੰਘ ਗਿੱਲ, ਪਰਮੇਸ਼ਰ, ਦੇਸ ਰਾਜ ਛਾਜਲੀ, ਗੁਰਨਾਮ ਢਿੱਲੋਂ ਅਤੇ ਗੁਰਵਿੰਦਰ ਸਿੰਘ ਨੇ ਹਾਜਰੀ ਲੁਆਈ।

**ਹਰਦਮ ਮਾਨ**

# ਸਾਹਿਤਕ ਸੱਥ ਖਰੜ ਵੱਲੋਂ ਜਸਵਿੰਦਰ ਕਾਈਨੌਰ ਦੀ ਪੁਸਤਕ ’ਤੇ ਵਿਚਾਰ-ਚਰਚਾ ਅਤੇ ਕਵੀ ਦਰਬਾਰ











ਖਰੜ : ਸਥਾਨਕ ਖਾਲਸਾ ਸੀਨੀਅਰ ਸਕੈਂਡਰੀ ਸਕੂਲ ਵਿਖੇ ਸਾਹਿਤਕ ਸੱਥ ਖਰੜ ਦੀ ਮਾਸਿਕ ਇਕੱਤਰਤਾ ਮੁੱਖ ਮਹਿਮਾਨ ਡਾ. ਹਰਨੇਕ ਸਿੰਘ ਕਲੇਰ ਅਤੇ ਪ੍ਰੋ. ਬਲਵਿੰਦਰ ਸਿੰਘ ਚਹਿਲ ਦੀ ਪ੍ਰਧਾਨਗੀ ਹੇਠ

ਹੋਈ। ਸਮਾਗਮ ਦੇ ਸ਼ੁਰੂ ’ਚ ਸੱਥ ਵੱਲੋਂ ਪਿਛਲੇ ਦਿਨੀਂ ਬਾਰਿਸ਼ਾਂ ਕਾਰਨ ਹੋਏ ਜਾਨੀ ਅਤੇ ਮਾਲੀ ਨੁਕਸਾਨ ਬਾਰੇ ਪ੍ਰਭਾਵਿਤ ਪਰਿਵਾਰਾਂ ਨਾਲ ਸੰਵੇਦਨਾ ਪ੍ਰਗਟ ਕਰਦੇ ਹੋਏ ਅਤੇ ਪੰਜਾਬੀ ਦੇ ਨਾਮਵਾਰ ਇਨਕਲਾਬੀ ਲੇਖਕ ਸ੍ਰੀ ਹਰਭਜਨ ਸਿੰਘ ਹੁੰਦਲ ਦੇ ਅਕਾਲ ਚਲਾਣੇ ’ਤੇ ਸੋਗ ਪ੍ਰਗਟ ਕਰਦੇ ਹੋਏ ਮੋਨ ਧਾਰਕੇ ਸ਼ਰਧਾਂਜਲੀ ਭੇਂਟ ਕੀਤੀ ਗਈ।

ਇਸ ਉਪਰੰਤ ਜਸਵਿੰਦਰ ਸਿੰਘ ਕਾਈਨੌਰ ਦੀ ਨਵ-ਪ੍ਰਕਾਸ਼ਿਤ ਪੁਸਤਕ ‘ਇੰਡੀਅਨ ਕਲਚਰ ਅਤੇ ਰਿਚੂਅਲਜ’ ’ਤੇ ਭਰਵੀਂ ਵਿਚਾਰ ਚਰਚਾ ਹੋਈ। ਪੁਸਤਕ ਤੇ ਵਿਚਾਰ-ਚਰਚਾ ਕਰਦੇ ਹੋਏ ਬੁਲਾਰੇ ਸੁਰਜੀਤ ਸਿੰਘ ਸੁਮਨ, ਹਿੱਤ ਅਭਿਲਾਸ਼ੀ ਅਤੇ ਗਿਆਨੀ ਗੁਰਮੀਤ ਸਿੰਘ ਖਰੜ ਨੇ ਕਿਹਾ ਕਿ ਜਸਵਿੰਦਰ ਕਾਈਨੌਰ ਨੇ ਇਸ ਕਿਤਾਬ ’ਚ ਭਾਰਤ ਦੀ ਸੰਸਕ੍ਰਿਤੀ, ਰੀਤੀ ਰਿਵਾਜਾਂ ਅਤੇ ਧਰਮਾਂ ਦੀ ਮਹੱਤਤਾ ਬਾਰੇ ਗਹਿਰਾਈ ਨਾਲ ਵਧੀਆ ਲਿਖਿਆ ਹੈ। ਲੇਖਕ ਦੀ ਲੇਖਣੀ-ਸ਼ੈਲੀ ਬਹੁਤ ਵਧੀਆ ਹੈ। ਲੇਖਕ ਆਪਣੇ ਪ੍ਰਚੱਲਿਤ ਭਾਰਤੀ ਸੱਭਿਆਚਾਰ ਨੂੰ ਦਰਸਾਉਣ ’ਚ ਸਫਲ ਹੋਇਆ ਹੈ। ਸਮਾਗਮ ਦੇ ਮੁੱਖ ਮਹਿਮਾਨ ਡਾ. ਹਰਨੇਕ ਸਿੰਘ ਕਲੇਰ ਨੇ ਕਿਹਾ ਕਿ ਜਸਵਿੰਦਰ ਕਾਈਨੌਰ ਰੇਡੀਓ ਅਤੇ ਟੀ.ਵੀ. ਨਾਲ ਜੁੜਿਆ ਅਤੇ ਪੰਜਾਬੀ ਸਭਿਆਚਾਰ ਨੂੰ ਪ੍ਰਨਾਇਆ ਲੇਖਕ ਹੈ। ਉਸ ਨੇ ਭਾਰਤੀ, ਪੰਜਾਬੀ ਸਭਿਆਚਾਰ ਤੇ ਰੀਤੀ-ਰਿਵਾਜਾਂ ਨੂੰ ਅੰਗਰੇਜੀ ਭਾਸ਼ਾ ਵਿੱਚ ਪੇਸ਼ ਕਰਕੇ ਇਸ ਦੇ ਖੇਤਰ ਨੂੰ ਬਹੁ-ਵਿਸਥਾਰ ਦਿੱਤਾ ਹੈ। ਇਸ ਪੁਸਤਕ ਦੀ ਰਚਨਾ ਦਾ ਮੂਲ ਉਦੇਸ਼ ਭਾਰਤੀ ਸਭਿਆਚਾਰ ਨੂੰ ਅੰਗਰੇਜੀ ਭਾਸ਼ਾਈ ਲੋਕਾਂ ਤੱਕ ਪਹੁੰਚਾਉਣਾ ਹੈ। ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਪ੍ਰੋ. ਬਲਵਿੰਦਰ ਸਿੰਘ ਚਹਿਲ ਨੇ ਕਿਹਾ ਕਿ ਇਹ ਪੁਸਤਕ ਅੰਗਰੇਜੀ ’ਚ ਲਿਖੀ ਹੋਣ ਕਰਕੇ ਭਾਰਤੀ ਤੇ ਪੰਜਾਬੀ ਸੱਭਿਆਚਾਰ ਦੀ ਰਸਾਈ ਅੰਤਰਰਾਸ਼ਟਰੀ ਪੱਧਰ ਤੱਕ ਕਰਵਾਉਂਦੀ ਹੈ। ਇਹ ਸਾਡੇ ਸਥਾਨਕ ਰਹਿਣ ਸਹਿਣ, ਵਸੇਬ ਅਤੇ ਸਮੁੱਚੀ ਭਾਰਤੀ ਸੰਸਕ੍ਰਿਤੀ ਬਾਰੇ ਦੂਜੀਆਂ ਭਾਸ਼ਾਵਾਂ ਵਾਲੇ ਲੋਕਾਂ ਨੂੰ ਜਾਣੂ ਕਰਵਾਉਂਦੀ ਹੈ।

ਬਾਅਦ ਵਿੱਚ ਚੱਲੇ ਕਾਵਿਕ ਦੌਰ ਵਿੱਚ ਸ਼ਾਇਰ ਇੰਦਰਜੀਤ ਕੌਰ ਵਡਾਲਾ, ਗੁਰਨਾਮ ਸਿੰਘ ਬਿਜਲੀ, ਬਲਦੇਵ ਸਿੰਘ ਬਿੰਦਰਾ, ਪਿਆਰਾ ਸਿੰਘ ਰਾਹੀ, ਹਰਜਿੰਦਰ ਸਿੰਘ ਸਾਈਂ ਸਕੇਤੜੀ, ਪ੍ਰੋ. ਬਲਵਿੰਦਰ ਸਿੰਘ ਚਹਿਲ, ਸੁਮਿੱਤਰ ਸਿੰਘ ਦੋਸਤ, ਬਲਵਿੰਦਰ ਢਿੱਲੋਂ, ਸਤਬੀਰ ਕੌਰ, ਮਲਕੀਤ ਨਾਗਰਾ, ਜਸਕੀਰਤ ਸਿੰਘ ਕੁਰਾਲੀ, ਕੇਸਰ ਸਿੰਘ ਇੰਸਪੈਕਟਰ, ਖੁਸ਼ੀ ਰਾਮ, ਰਾਜਵਿੰਦਰ ਸਿੰਘ ਗੱਡੂ, ਡਾ. ਸੁਦਾਗਰ ਸਿੰਘ ਪਾਲ, ਹਿੱਤ ਅਭਿਲਾਸ਼ੀ ਹਿੱਤ, ਭੁਪਿੰਦਰ ਸਿੰਘ ਭਾਗੋਮਾਜਰਾ, ਤਰਸੇਮ ਸਿੰਘ ਕਾਲੇਵਾਲ, ਧਿਆਨ ਸਿੰਘ ਕਾਹਲੋਂ, ਕਰਮਜੀਤ ਬੱਗਾ, ਪਵਨਪ੍ਰੀਤ ਸਿੰਘ ਵਡਾਲਾ, ਨੀਲਮ ਨਾਰੰਗ, ਹਾਕਮ ਸਿੰਘ ਨੱਤਿਆਂ, ਭਾਗ ਸਿੰਘ ਸ਼ਾਹਪੁਰ, ਗੀਤਕਾਰ ਮੋਹਣ ਸਿੰਘ ਪ੍ਰੀਤ, ਗੁਰਮੀਤ ਸਿੰਗਲ, ਮੰਦਰ ਗਿੱਲ ਸਾਹਿਬ ਚੰਦੀਆ, ਅਜਮੇਰ ਸਾਗਰ ਆਦਿ ਨੇ ਆਪੋ ਆਪਣੀਆਂ ਗਜ਼ਲਾਂ, ਕਵਿਤਾਵਾਂ ਅਤੇ ਗੀਤ ਪੇਸ਼ ਕੀਤੇ।

ਉਪਰੋਕਤ ਤੋਂ ਇਲਾਵਾ ਗਿਆਨ ਚੰਦ, ਦਲਬਾਰਾ ਸਿੰਘ ਲਾਂਬਾ, ਟੀ. ਐਲ. ਵਰਮਾ, ਅਮਨਦੀਪ ਕੌਰ, ਪਰੀਤ ਮੋਹਿੰਦਰ ਸਿੰਘ ਬੇਦੀ, ਅਤੇ ਜ਼ੋਰਾਵਰ ਸਿੰਘ ਬੇਦੀ ਆਦਿ ਨੇ ਸਮਾਗਮ ’ਚ ਸ਼ਿਰਕਤ ਕੀਤੀ। ਅਖੀਰ ਵਿੱਚ ਸੱਥ ਦੇ ਪ੍ਰਧਾਨ ਜਸਵਿੰਦਰ ਸਿੰਘ ਕਾਈਨੌਰ ਨੇ ਸਾਰਿਆਂ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਦੀ ਕਾਰਵਾਈ ਸੱਥ ਦੇ ਜਨਰਲ ਸਕੱਤਰ ਪਿਆਰਾ ਸਿੰਘ ਰਾਹੀ ਵੱਲੋਂ ਬਾਖੂਬੀ ਨਿਭਾਈ ਗਈ।

**ਪਿਆਰਾ ਸਿੰਘ ਰਾਹੀ**
**ਜਨਰਲ ਸਕੱਤਰ**

# ਗ਼ਦਰੀ ਬਾਬਿਆਂ ਦੀ ਯਾਦ ਵਿਚ 27ਵਾਂ ਯਾਦਗਾਰੀ ਮੇਲਾ 6 ਅਗਸਤ ਨੂੰ




ਸਰੀ, (ਹਰਦਮ ਮਾਨ)-ਪ੍ਰੋਫੈਸਰ ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ (ਕੈਨੇਡਾ) ਵੱਲੋਂ ਗ਼ਦਰੀ ਬਾਬਿਆਂ ਦੀ ਯਾਦ ਵਿਚ 27ਵਾਂ ਯਾਦਗਾਰੀ ਸਾਲਾਨਾ ਮੇਲਾ 6 ਅਗਸਤ 2023 ਨੂੰ ਬੇਅਰ ਕਰੀਕ ਪਾਰਕ ਸਰੀ (ਬੀਸੀ) ਵਿਖੇ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦੇ ਹੋਏ ਮੇਲੇ ਦੇ ਮੁੱਖ ਪ੍ਰਬੰਧਕ ਸਾਹਿਬ ਸਿੰਘ ਥਿੰਦ ਨੇ ਦੱਸਿਆ ਹੈ ਕਿ ਇਸ ਵਾਰ ਇਹ ਮੇਲਾ ਸ. ਅਜੀਤ ਸਿੰਘ (ਸ਼ਹੀਦ ਭਗਤ ਸਿੰਘ ਦੇ ਚਾਚਾ ਜੀ) ਅਤੇ ਕਾਮਾਗਾਟਾਮਾਰੂ ਜਹਾਜ਼ ਦੇ ਵਕੀਲ ਜੋਸਫ਼ ਐਡਵਰਡ ਬਰੜ ਨੂੰ ਸਮਰਪਿਤ ਹੋਵੇਗਾ। ਇਸ ਮੇਲੇ ਵਿਚ ਕਈ ਪੰਜਾਬੀ ਗਾਇਕ ਆਪਣੀ ਕਲਾ ਰਾਹੀਂ ਕਾਮਾਗਾਟਾਮਾਰੂ ਦੇ ਯੋਧਿਆਂ ਨੂੰ ਸਜਦਾ ਕਰਨਗੇ ਅਤੇ ਸਰੋਤਿਆਂ ਦਾ ਮਨੋਰੰਜਨ ਕਰਨਗੇ। ਮੇਲੇ ਵਿਚ ਸ਼ਾਮਲ ਹੋਣ ਦਾਖ਼ਲਾ ਮੁਫ਼ਤ ਹੈ। ਇਸ ਸੰਬੰਧੀ ਹੋਰ ਜਾਣਕਾਰੀ ਲਈ ਸਾਹਿਬ ਸਿੰਘ ਥਿੰਦ ਨਾਲ ਫੋਨ ਨੰਬਰ 604-751-6267 ਉੱਪਰ ਸੰਪਰਕ ਕੀਤਾ ਜਾ ਸਕਦਾ ਹੈ।

# ਸਰੀ ਪੁਲਿਸ ਦਾ ਰੇੜਕਾ-ਬੀ ਸੀ ਸਰਕਾਰ ਵੱਲੋਂ ਸਰੀ ਸਿਟੀ ਨੂੰ ਆਰਸੀਐਮਪੀ ਦੀ ਬਜਾਏ ਸਥਾਨਕ ਪੁਲਿਸ ਨਾਲ ਰਹਿਣ ਦਾ ਨਿਰਦੇਸ਼

## ਮੇਅਰ ਬਰੈਂਡਾ ਲੌਕ ਨੇ ਇਸ ਫੈਸਲੇ ਨੂੰ ਨਿਰਾਸ਼ਾਜਨਕ, ਗਲਤ ਧਾਰਨਾਵਾਂ 'ਤੇ ਆਧਾਰਤ ਅਤੇ ਗੁੰਮਰਾਹਕੁੰਨ ਦੱਸਿਆ

ਸਰੀ, (ਹਰਦਮ ਮਾਨ)-ਬੀਸੀ ਦੇ ਪਬਲਿਕ ਸੇਫਟੀ ਮਨਿਸਟਰ ਅਤੇ ਸਾਲਿਸਟਰ ਜਨਰਲ ਮਾਈਕ ਫਾਰਨਵਰਥ ਨੇ ਅੱਜ ਸਰੀ ਸਿਟੀ ਕੌਂਸਲ ਨੂੰ ਸਰੀ ਪੁਲਿਸ ਟਰਾਂਜੀਸ਼ਨ ਪ੍ਰਕਿਰਿਆ ਨੂੰ ਅੱਗੇ ਵਧਾਉਣ ਦੇ ਹੁਕਮ ਜਾਰੀ ਕੀਤੇ ਹਨ। ਵਿਕਟੋਰੀਆ ਵਿਚ ਇਕ ਪ੍ਰੈਸ ਕਾਨਫਰੰਸ ਦੌਰਾਨ ਮਾਈਕ ਫਾਰਨਵਰਥ ਨੇ ਕਿਹਾ ਕਿ ਇਹ ਫੈਸਲਾ ਪੁਲਿਸ ਐਕਟ ਦੇ ਸੈਕਸ਼ਨ 2 ਦੇ ਅਨੁਸਾਰ ਲਿਆ ਗਿਆ ਹੈ ਅਤੇ ਸਰਕਾਰ ਦਾ ਇਹ ਫੈਸਲਾ ਅੰਤਿਮ ਫੈਸਲਾ ਹੈ। ਉਨ੍ਹਾਂ ਉਮੀਦ ਜ਼ਾਹਿਰ ਕੀਤੀ ਕਿ ਸਰੀ ਦੀ ਚੁਣੀ ਹੋਈ ਕੌਂਸਲ ਕਾਨੂੰਨ ਦੀ ਪਾਲਣਾ ਕਰੇਗੀ।

ਸਾਲਿਸਟਰ ਜਨਰਲ ਮਾਈਕ ਫਾਰਨਵਰਥ ਨੇ ਕਿਹਾ ਕਿ ਉਸਨੇ ਆਰਸੀਐਮਪੀ ਵਿਚ ਵਾਪਸ ਜਾਣ ਬਾਰੇ ਸਿਟੀ ਦੀ ਰਿਪੋਰਟ ਨੂੰ ਧਿਆਨ ਨਾਲ ਵਿਚਾਰਿਆ ਹੈ, ਪਰ ਸਰੀ ਸਿਟੀ ਕੌਂਸਲ ਇਹ ਦੱਸਣ ਵਿਚ ਅਸਫਲ ਰਹੀ ਹੈ ਕਿ ਅਜਿਹਾ ਕਰਨਾ ਸੁਰੱਖਿਅਤ ਹੋਵੇਗਾ ਜਾਂ ਹੋਰ ਭਾਈਚਾਰਿਆਂ ਨੂੰ ਪ੍ਰਭਾਵਿਤ ਨਹੀਂ ਕਰੇਗਾ। ਉਨ੍ਹਾਂ ਕਿਹਾ ਹੈ ਕਿ ਸਰੀ ਦੀ ਅਧਿਕਾਰਿਤ ਪੁਲਿਸ ਇਸ ਸਮੇਂ ਵੀ ਆਰ ਸੀ ਐਮ ਪੀ ਹੈ ਪਰ ਪਰਿਵਰਤਨ ਯੋਜਨਾ ਨੂੰ ਅੱਗੇ ਵਧਾਉਣ ਦੀ ਲੋੜ ਹੈ ਜਿਸ ਨਾਲ ਸਰੀ ਪੁਲਿਸ ਸਿਟੀ ਦੀ ਨਵੀਂ ਅਧਿਕਾਰਿਤ ਪੁਲਿਸ ਸੇਵਾ ਵਿੱਚ ਤਬਦੀਲ ਹੋ ਜਾਵੇਗੀ। ਉਨ੍ਹਾਂ ਸਪੱਸ਼ਟ ਕਿਹਾ ਕਿ ਸਰਕਾਰ ਵੱਲੋਂ ਇਹ ਨਿਰਦੇਸ਼ ਦੇ ਰਿਹਾ ਹਾਂ ਕਿ ਸਰੀ ਪੁਲਿਸ ਸੇਵਾ ਵੱਲ ਤਬਦੀਲੀ ਜਾਰੀ ਰਹੇਗੀ।

ਫਾਰਨਵਰਥ ਨੇ ਕਿਹਾ ਕਿ ਪਰਿਵਰਤਨ ਨੂੰ ਜਾਰੀ ਰੱਖਣ ਲਈ ਸਿਟੀ, ਸਰੀ ਪੁਲਿਸ ਸਰਵਿਸ ਅਤੇ ਆਰਸੀਐਮਪੀ ਵਿਚਕਾਰ ਸਹਿਯੋਗ ਜ਼ਰੂਰੀ ਹੈ ਅਤੇ ਉਨ੍ਹਾਂ ਸਾਰੀਆਂ ਪਾਰਟੀਆਂ ਨੂੰ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਲੋਕਾਂ ਨੂੰ ਸੁਰੱਖਿਅਤ ਰੱਖਣ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਉਹਨਾਂ ਤੋਂ ਮਿਲ ਕੇ ਕੰਮ ਕਰਨ ਦੀ ਉਮੀਦ ਕਰਦੇ ਹਨ। ਇਸ ਤਬਦੀਲੀ ਵਿੱਚ ਮਦਦ ਕਰਨ ਲਈ ਅਤੇ ਮੰਤਰੀ ਦੁਆਰਾ ਰੱਖੀਆਂ ਗਈਆਂ ਮੁੱਖ ਲੋੜਾਂ ਨੂੰ ਪੂਰਾ ਕਰਨ ਲਈ ਬੀਸੀ ਹਾਈਡਰੋ ਦੇ ਸਾਬਕਾ ਪ੍ਰਧਾਨ ਜੈਸਿਕਾ ਮੈਕਡੋਨਲਡ ਨੂੰ ਨਿਯੁਕਤ ਕੀਤਾ ਹੈ। ਉਹ ਪਾਰਟੀਆਂ ਨੂੰ ਸਮਾਂ-ਸੀਮਾਵਾਂ ਨੂੰ ਪੂਰਾ ਕਰਨ, ਵਿਵਾਦ ਦੇ ਹੱਲ ਕਰਨ ਅਤੇ ਤਬਦੀਲੀ ਨੂੰ ਪੂਰਾ ਕਰਨ ਲਈ ਪ੍ਰਭਾਵਸ਼ਾਲੀ ਸੰਚਾਰ ਨੂੰ ਯਕੀਨੀ ਬਣਾਉਣ ਵਿਚ ਮਦਦ ਕਰਨਗੇ।

ਇਸੇ ਦੌਰਾਨ ਸਰੀ ਦੀ ਮੇਅਰ ਬਰੈਂਡਾ ਲੌਕ ਨੇ ਸੂਬਾਈ ਸਰਕਾਰ ਦੇ ਫੈਸਲੇ




'ਤੇ ਮੀਡੀਆ ਦੇ ਸਵਾਲਾਂ ਦਾ ਸਾਹਮਣਾ ਕਰਨ ਦੀ ਬਜਾਏ ਇਸ ਫੈਸਲੇ ਖਿਲਾਫ ਇਕ ਪ੍ਰੈਸ ਨੋਟ ਜਾਰੀ ਕੀਤਾ ਹੈ। ਜਿਸ ਵਿਚ ਉਹਨਾਂ ਜਨਤਕ ਸੁਰੱਖਿਆ ਮੰਤਰੀ ਅਤੇ ਸਾਲਿਸਟਰ ਜਨਰਲ ਮਾਈਕ ਫਾਰਨਵਰਥ ਦੇ ਫੈਸਲੇ ਨੂੰ ਨਿਰਾਸ਼ਾਜਨਕ, ਗਲਤ ਧਾਰਨਾਵਾਂ 'ਤੇ ਆਧਾਰਤ ਅਤੇ ਗੁੰਮਰਾਹਕੁੰਨ ਕਰਾਰ ਦਿੱਤਾ ਹੈ। ਉਹਨਾਂ ਕਿਹਾ ਕਿ ਇਹ ਲੋਕਾਂ ਦੁਆਰਾ ਚੁਣੀ ਹੋਈ ਸਥਾਨਕ ਸਰਕਾਰ ਦਾ ਵੀ ਅਪਮਾਨ ਹੈ। ਉਹਨਾਂ ਸਾਲੀਸਿਟਰ ਜਨਰਲ ਦੀ ਕਾਰਵਾਈ ਨੂੰ ਬੀ ਸੀ ਦੀਆਂ ਸਾਰੀਆਂ ਨਗਰਪਾਲਿਕਾਵਾਂ ਦੀ ਖੁਦਮੁਖਤਿਆਰੀ ਲਈ ਵੀ ਚਿਤਾਵਨੀ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮਹੱਤਵਪੂਰਣ ਟੈਕਸ ਬੋਝ ਇਸ ਫੈਸਲੇ ਦੇ ਨਤੀਜੇ ਵਜੋਂ ਸਰੀ ਦੇ ਵਸਨੀਕਾਂ ਅਤੇ ਕਾਰੋਬਾਰਾਂ 'ਤੇ ਜੋ ਟੈਕਸ ਬੋਝ ਪਵੇਗਾ, ਉਸ ਬਾਰੇ ਫਾਰਨਵਰਥ ਨਾਲ ਵਿਚਾਰ ਵਟਾਂਦਰੇ ਲਈ ਉਹ ਆਹਮਣੇ-ਸਾਹਮਣੇ ਮੀਟਿੰਗ ਕਰਨ ਦੀ ਚਾਹਵਾਨ ਹਨ ਅਤੇ ਜਦੋਂ ਤੱਕ ਮੰਤਰੀ ਨਾਲ ਮੀਟਿੰਗ ਕਰਨ ਦਾ ਮੌਕਾ ਨਹੀਂ ਮਿਲਦਾ, ਉਹ ਇਸ ਸੰਬੰਧ ਵਿਚ ਅੱਗੇ ਟਿੱਪਣੀ ਨਹੀਂ ਕਰਨਗੇ।



ਹਰਦਮ ਮਾਨ
ਸਪੈਸ਼ਲ ਰਿਪੋਰਟਰ,
ਬੀ.ਸੀ., ਕੈਨੇਡਾ

# ਤਰਕਸ਼ੀਲ ਸੁਸਾਇਟੀ ਵੱਲੋਂ ਪ੍ਰਸਿੱਧ ਸਾਹਿਤਕਾਰ ਨਛੱਤਰ ਸਿੰਘ ਗਿੱਲ ਦੀਆਂ ਦੋ ਪੁਸਤਕਾਂ ਲੋਕ ਅਰਪਣ

ਸਰੀ, (ਹਰਦਮ ਮਾਨ)-ਤਰਕਸ਼ੀਲ ਸੁਸਾਇਟੀ ਆਫ ਕੈਨੇਡਾ (ਯੂਨਿਟ ਬੀ ਸੀ) ਵੱਲੋਂ ਬੀਤੇ ਦਿਨ ਪ੍ਰੋਗਰੈਸਿਵ ਕਲਚਰਲ ਸੈਂਟਰ ਸਰੀ ਵਿਖੇ ਕਰਵਾਏ ਗਏ ਸਮਾਗਮ



ਦੌਰਾਨ ‘ਲੋਹਮਣੀ’ ਮੈਗਜ਼ੀਨ ਦੇ ਬਾਨੀ ਸੰਪਾਦਕ ਅਤੇ ਤਰਕਸ਼ੀਲ ਸੁਸਾਇਟੀ ਕੈਨੇਡਾ ਦੇ ਮੈਂਬਰ ਨਛੱਤਰ ਸਿੰਘ ਗਿੱਲ ਦੀਆਂ ਦੋ ਕਿਤਾਬਾਂ ‘ਕੜਵਾ ਬਦਲਾ’ ਅਤੇ ‘ਕਥਾ ਤਿੰਨ ਅੱਖਰਾਂ ਦੀ’ ਲੋਕ ਅਰਪਣ ਕੀਤੀਆਂ ਗਈਆਂ।

ਸਮਾਗਮ ਦੀ ਸ਼ੁਰੂਆਤ ਕਰਦਿਆਂ ਸੁਸਾਇਟੀ ਦੇ ਜਨਰਲ ਸਕੱਤਰ ਨਿਰਮਲ ਕਿੰਗਰਾ ਨੇ ਨਛੱਤਰ ਗਿੱਲ ਦੀ ਸਾਹਿਤਿਕ ਘਾਲਣਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਮਰ ਦੇ ਜਿਸ ਪੜਾਅ ਨੂੰ ਲੋਕ ਬੁੜ੍ਹਾਪਾ ਕਹਿ ਕੇ ਅਜਾਈਂ ਗੁਆ ਦਿੰਦੇ ਹਨ ਅਸਲ ਵਿੱਚ ਇਹੀ ਸਮਾਂ ਤਜਰਬਿਆਂ ਭਰਪੂਰ ਜ਼ਿੰਦਗੀ ਹੋਣ ਕਾਰਨ ਸਿਰਜਣਾ ਦਾ ਸਮਾਂ ਹੁੰਦਾ ਹੈ ਅਤੇ ਨਛੱਤਰ ਗਿੱਲ ਉਮਰ ਦੇ ਇਸ ਪੜਾਅ ਦਾ ਸਦਉਪਯੋਗ ਕਰ ਰਹੇ ਹਨ।

ਪੁਸਤਕਾਂ ਬਾਰੇ ਬੋਲਦਿਆਂ ਮੋਹਨ ਗਿੱਲ ਨੇ ਕਿਹਾ ਕਿ ਨਛੱਤਰ ਸਿੰਘ ਗਿੱਲ ਹੁਣ ਤੱਕ ਕਵਿਤਾ, ਕਹਾਣੀਆਂ, ਅਨੁਵਾਦ ਅਤੇ ਨਾਵਲ ਦੇ ਰੂਪ ਵਿਚ 33 ਪੁਸਤਕਾਂ ਪੰਜਾਬੀ ਪਾਠਕਾਂ ਦੀ ਝੋਲੀ ਪਾ ਚੁੱਕੇ ਹਨ ਅਤੇ ਪੰਜਾਬੀ ਸਾਹਿਤਕ ਜਗਤ ਵਿੱਚ ਉਨ੍ਹਾਂ ਦਾ ਮਹੱਤਵਪੂਰਨ ਸਥਾਨ ਹੈ। ਪਰਮਿੰਦਰ ਸਵੈਚ ਨੇ ਨਛੱਤਰ ਗਿੱਲ ਦੀ ਪੁਸਤਕ ‘ਕਥਾ ਤਿੰਨ ਅੱਖਰਾਂ’ ‘ਤੇ ਚਰਚਾ ਕਰਦਿਆਂ ਕਿਹਾ ਕਿ ਪਿਆਰ ਸ਼ਬਦ ਭਾਵੇਂ ਤਿੰਨ ਅੱਖਰਾਂ ਤੋਂ ਬਣਿਆ ਹੈ ਪਰ ਇਸ ਸ਼ਬਦ ਦੀ ਮਹਾਨਤਾ ਹੈ ਕਿ ਸਮਾਜ ਦਾ ਹਰ ਵਰਗ ਤੇ ਮਨੁੱਖੀ ਵਿਹਾਰ ਇਸ ਦੇ ਦਾਇਰੇ ਤੋਂ ਬਾਹਰ ਨਹੀਂ ਜਾ ਸਕਦਾ। ਗੁਰਮੇਲ ਗਿੱਲ ਨੇ ਕਿਹਾ ਕਿ ਭਾਵੇਂ ਪਿਆਰ ਸ਼ਬਦ ਮਨੁੱਖੀ ਭਾਵਨਾਵਾਂ ਦਾ ਪ੍ਰਗਟਾਅ ਹੈ ਪਰ ਸਮਾਜ ਦੀ ਬਣਤਰ ਵਿੱਚੋਂ ਆਰਥਿਕਤਾ ਦੀ ਭੂਮਿਕਾ ਨੂੰ ਵੀ ਮਨਫ਼ੀ ਨਹੀਂ ਕੀਤਾ ਜਾ ਸਕਦਾ। ਤਰਕਸ਼ੀਲ ਸੁਸਾਇਟੀ ਦੇ ਕੌਮੀ ਪ੍ਰਧਾਨ ਅਵਤਾਰ ਬਾਈ ਨੇ

ਪੁਸਤਕ 'ਕੜਵਾ ਬਦਲਾ' ਬਾਰੇ ਗੱਲ ਕਰਦਿਆਂ ਕਿਹਾ ਕਿ ਅਨੁਵਾਦ ਲੇਖਕ ਦੀ ਮੌਲਿਕ ਰਚਨਾ ਦੀ ਸਿਰਜਣਾ ਨਾਲੋਂ ਵੀ ਔਖਾ ਹੁੰਦਾ ਹੈ। ਨਛੱਤਰ ਸਿੰਘ ਗਿੱਲ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਕਿਹਾ ਉਹ ਕੌਮਾਂਤਰੀ ਪੱਧਰ ਦੀਆਂ ਅਨੇਕਾਂ ਕਿਤਾਬਾਂ ਦਾ ਅਨੁਵਾਦ ਕਰ ਚੁੱਕੇ ਹਨ ਪਰ ਕਿਸੇ ਕਿਤਾਬ ਵਿਚ ਵੀ ਮੂਲ ਲੇਖਕ ਦੀ ਭਾਵਨਾ ਨੂੰ ਮੱਧਮ ਨਹੀਂ ਪੈਣ ਦਿੱਤਾ।




ਡਾਕਟਰ ਸੁਰਜੀਤ ਬਰਾੜ ਘੋਲੀਆ ਨੇ ਨਛੱਤਰ ਗਿੱਲ ਹੋਰਾਂ ਦੀ ਲੇਖਣੀ ਦੇ ਸਫ਼ਰ ਬਾਰੇ ਵਿਸਥਾਰ ਨਾਲ ਚਾਨਣਾ ਪਾਉਂਦਿਆਂ ਕਿਹਾ ਕਿ ਭਾਵੇਂ ਨਛੱਤਰ ਗਿੱਲ ਵਿੱਚ ਸਾਹਿਤ ਦੀਆਂ ਵੱਖ ਵੱਖ ਵਿਧਾਵਾਂ ਵਿੱਚ ਰਚਨਾ ਕਰਨ ਦੀ ਪ੍ਰਤਿਭਾ ਮੌਜੂਦ ਸੀ ਪਰ ਸਾਹਿਤਕ ਹਲਕਿਆਂ ਨਾਲ ਸਿੱਧੇ ਸੰਪਰਕ ਵਿਚ ਆਉਣ ਤੋਂ ਬਾਅਦ ਉਨ੍ਹਾਂ ਦਾ ਝੁਕਾਅ ਨਾਵਲ ਰਚਨਾ 'ਤੇ ਕੇਂਦਰਤ ਹੋ ਗਿਆ ਤੇ ਉਨ੍ਹਾਂ ਨੇ 'ਕਾਲੀ ਹਨੇਰੀ' ਵਰਗੀਆਂ ਸ਼ਾਹਕਾਰ ਰਚਨਾਵਾਂ ਨਾਲ ਪੰਜਾਬੀ ਸਾਹਿਤ ਜਗਤ ਨੂੰ ਬਹੁਮੁੱਲਾ ਸਰਮਾਇਆ ਦਿੱਤਾ। ਉਨ੍ਹਾਂ ਦੱਸਿਆ ਕਿ ਨਛੱਤਰ ਗਿੱਲ ਦਾ ਵੱਡ-ਆਕਾਰੀ ਨਵਾਂ ਨਾਵਲ ਜੋ ਕਿ ਫੀਡਲ ਕਾਸਤਰੋ ਦੇ ਜੀਵਨ ਘਾਲਣਾਵਾਂ 'ਤੇ ਅਧਾਰਤ ਹੈ ਜਲਦੀ ਛਪ ਰਿਹਾ ਹੈ।

ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਅਤੇ ਉੱਘੇ ਸ਼ਾਇਰ ਕ੍ਰਿਸ਼ਨ ਭਨੋਟ ਨੇ ਪੁਸਤਕਾਂ ਉੱਪਰ ਆਪਣੇ ਵਿਚਾਰ ਪ੍ਰਗਟ ਕੀਤੇ। ਪਿਆਰਾ ਸਿੰਘ ਚਾਹਲ ਅਤੇ ਹਰਨੇਕ ਰਾਣਾ ਨੇ ਆਪਣੇ ਆਪਣੇ ਗੀਤਾਂ ਰਾਹੀਂ ਸਮਾਗਮ ਨੂੰ ਰੌਚਿਕ ਬਣਾਇਆ। ਅੰਤ ਵਿਚ ਨਛੱਤਰ ਸਿੰਘ ਗਿੱਲ ਨੇ ਤਰਕਸ਼ੀਲ ਸੁਸਾਇਟੀ ਆਫ ਕੈਨੇਡਾ ਅਤੇ ਸਾਰੇ ਸ਼ੁਭਚਿੰਤਕਾਂ ਦਾ ਧੰਨਵਾਦ ਕੀਤਾ।

**ਹਰਦਮ ਮਾਨ**

# ਸੋਹਣ ਸਿੰਘ ਪੂਨੀ ਦੀ ਪੁਸਤਕ 'ਸਲਾਮ ਬੰਗਾ' ਦੀ ਘੁੰਡ ਚੁਕਾਈ ੨੨ ਜੁਲਾਈ ਨੂੰ




ਸਰੀ, 20 ਜੁਲਾਈ 2023 (ਹਰਦਮ ਮਾਨ)- ਈਸਟ ਇੰਡੀਅਨ ਡਿਫੈਂਸ ਕਮੇਟੀ ਵੱਲੋਂ 22 ਜੁਲਾਈ 2023 ਨੂੰ ਬਾਅਦ ਦੁਪਹਿਰ ਇਕ ਵਜੇ ਇਕ ਸਾਹਿਤਕ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ। ਪ੍ਰੋਗਰੈਸਿਵ ਕਲਚਰਲ ਸੈਂਟਰ (126- 7536 130 ਸਟਰੀਟ) ਸਰੀ ਵਿਖੇ ਕਰਵਾਏ ਜਾ ਰਹੇ ਇਸ ਪ੍ਰੋਗਰਾਮ ਵਿਚ ਕੈਨੇਡਾ ਵਸਦੇ ਇਤਿਹਾਸਕਾਰ ਸੋਹਣ ਸਿੰਘ ਪੂਨੀ ਵੱਲੋਂ ਬੰਗਾ ਇਲਾਕੇ ਦੇ ਅਮੀਰ ਇਤਿਹਾਸ ਬਾਰੇ ਲਿਖੀ ਗਈ ਨਵ-ਪ੍ਰਕਾਸ਼ਿਤ ਪੁਸਤਕ 'ਸਲਾਮ ਬੰਗਾ' ਲੋਕ ਅਰਪਣ ਕੀਤੀ ਜਾਵੇਗੀ। ਇਸ ਸੰਬੰਧੀ ਵਧੇਰੇ ਜਾਣਕਾਰੀ ਲਈ ਕਿਰਪਾਲ ਬੈਂਸ 604-518-7676, ਇਕਬਾਲ ਪੁਰੇਵਾਲ 604-720-1652 ਅਤੇ ਮੱਖਣ ਦੋਸਾਂਝ 778-251-6010 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਹਰਦਮ ਮਾਨ

# ਯੂਬਾ ਸਿਟੀ ਬ੍ਰਦਰਜ਼ ਦੀ ਟੀਮ ਨੇ ਫੀਲਡ ਹਾਕੀ ਦਾ ਕੈਨੇਡਾ ਕੱਪ 2023 ਚੁੰਮਿਆਂ

## ਲੜਕੀਆਂ ਦੇ ਮੁਕਾਬਲੇ ਵਿਚ ਬੀਸੀ ਵ੍ਹਾਈਟ ਦੀ ਟੀਮ ਨੇ ਕੈਨੇਡਾ ਕੱਪ ਆਪਣੇ ਨਾਂ ਕੀਤਾ







ਸਰੀ,(ਹਰਦਮ ਮਾਨ)-ਵੈਸਟ ਕੋਸਟ ਕਿੰਗਜ਼ ਫ਼ੀਲਡ ਹਾਕੀ ਸੁਸਾਇਟੀ ਵੱਲੋਂ ਸਰੀ ਦੇ ਟਮੈਨਵਸ ਪਾਰਕ ਵਿਚ ਸਾਲਾਨਾ ਕੈਨੇਡਾ ਕੱਪ ਅੰਤਰਰਾਸ਼ਟਰੀ ਹਾਕੀ ਟੂਰਨਾਮੈਂਟ ਕਰਵਾਇਆ ਗਿਆ। ਲਗਾਤਾਰ ਤਿੰਨ ਦਿਨ ਚੱਲੇ ਇਸ ਟੂਰਨਾਮੈਂਟ ਵਿਚ ਉਤਰੀ ਅਮਰੀਕਾ 'ਚੋਂ ਚੋਟੀ ਦੀਆਂ 40 ਦੇ ਕਰੀਬ ਟੀਮਾਂ ਨੇ ਹਿੱਸਾ ਲਿਆ। ਟੂਰਨਾਮੈਂਟ ਦਾ ਉਦਘਾਟਨ ਸਰੀ ਸਿਟੀ ਦੀ ਮੇਅਰ ਬਰੈਂਡਾ ਲੌਕ ਅਤੇ ਸਰੀ ਸੈਂਟਰਲ ਦੇ ਮੈਂਬਰ ਪਾਰਲੀਮੈਂਟ ਰਣਦੀਪ ਸਿੰਘ ਸਰਾਏ ਨੇ ਕੀਤਾ। ਇਸ ਮੌਕੇ ਸ਼ਹਿਰ ਦੀਆਂ ਕਈ ਅਹਿਮ ਸ਼ਖ਼ਸੀਅਤਾਂ ਅਤੇ ਵੈਸਟ ਕੋਸਟ ਕਿੰਗਜ਼ ਫ਼ੀਲਡ ਹਾਕੀ ਸੁਸਾਇਟੀ ਦੇ ਮੈਂਬਰ ਮੌਜੂਦ ਸਨ।

ਆਪਣੀ ਵਧੀਆ ਖੇਡ ਦਾ ਪ੍ਰਦਰਸ਼ਨ ਕਰਦਿਆਂ ਬੀਸੀ ਵ੍ਹਾਈਟ ਅਤੇ ਵੈਸਟ ਕੋਸਟ ਕਲੱਬ ਦੀਆਂ ਟੀਮਾਂ ਲੜਕੀਆਂ ਦੇ ਫਾਈਨਲ ਮੁਕਾਬਲੇ ਵਿਚ ਪੁੱਜੀਆਂ। ਫਾਈਨਲ ਦਾ ਇਹ ਬਹੁਤ ਹੀ ਦਿਲਚਸਪ ਰਿਹਾ ਅਤੇ ਇਸ ਵਿਚ ਬੀਸੀ ਵ੍ਹਾਈਟ ਦੀ ਟੀਮ ਨੇ ਜਿੱਤ ਪ੍ਰਾਪਤ ਕਰਕੇ ਕੈਨੇਡਾ ਕੱਪ ਨੂੰ ਚੁੰਮਿਆਂ। ਲੜਕਿਆਂ ਦੇ ਫਾਈਨਲ ਮੁਕਾਬਲੇ ਵਿਚ ਯੂਬਾ ਸਿਟੀ ਬ੍ਰਦਰਜ਼ (ਅਮਰੀਕਾ) ਅਤੇ ਵੈਸਟ ਕੋਸਟ ਕਿੰਗਜ਼ ਕਲੱਬ ਕੈਨੇਡਾ ਦੀਆਂ ਟੀਮਾਂ ਦਾਖ਼ਲ ਹੋਈਆਂ। ਇਸ ਬਹੁਤ ਹੀ ਫਸਵੇਂ ਅਤੇ ਬੇਹੱਦ ਰੌਚਕ ਮੁਕਾਬਲੇ ਵਿਚ ਦੋਹਾਂ ਟੀਮਾਂ ਦੇ ਖਿਡਾਰੀਆਂ ਨੇ ਬਿਹਤਰੀਨ ਖੇਡ ਦਾ ਪ੍ਰਦਰਸ਼ਨ ਕੀਤਾ। ਅੰਤ ਯੂਬਾ ਸਿਟੀ ਬ੍ਰਦਰਜ਼ ਦੀ ਟੀਮ ਨੇ 4-2

ਨਾਲ ਵੈਸਟ ਕੋਸਟ ਕਿੰਗਜ਼ ਕਲੱਬ ਦੀ ਟੀਮ ਨੂੰ ਮਾਤ ਦੇ ਕੇ ਕੈਨੇਡਾ ਕੱਪ ਆਪਨੇ ਨਾਂ ਕਰ ਲਿਆ।



ਲੜਕੀਆਂ ਦੀ ਜੇਤੂ ਟੀਮ ਨੂੰ ਕੈਨੇਡਾ ਕੱਪ ਅਤੇ 2,000 ਡਾਲਰ ਇਨਾਮ ਨਾਲ ਸਨਮਾਨਿਤ ਕੀਤਾ ਗਿਆ ਅਤੇ ਲੜਕਿਆਂ ਦੀ ਜੇਤੂ ਟੀਮ ਨੂੰ ਕੈਨੇਡਾ ਕੱਪ ਅਤੇ 10,000 ਡਾਲਰ ਪ੍ਰਦਾਨ ਕੀਤੇ ਗਏ। ਬਾਕੀ ਮੁਕਾਬਲਿਆਂ ਵਿਚ ਜੇਤੂ ਅਤੇ ਉਪ ਜੇਤੂ ਰਹਿਣ ਵਾਲੀਆਂ ਟੀਮਾਂ ਨੂੰ ਇਨਾਮ ਅਤੇ ਮੈਡਲ ਪ੍ਰਦਾਨ ਕੀਤੇ ਗਏ।


ਹਾਕੀ ਮੈਚਾਂ ਦੀ ਕੁਮੈਂਟਰੀ ਡੈਲਾਸ ਤੋਂ ਸਾਬਕਾ ਕੌਮਾਂਤਰੀ ਹਾਕੀ ਖਿਡਾਰੀ ਅਮਰਜੀਤ ਢਿੱਲੋਂ ਅਤੇ ਡਾ. ਸੁੱਖ ਕਾਹਲੋਂ ਨੇ ਕੀਤੀ। ਫਾਈਨਲ ਮੈਚ ਦੀਆਂ ਟੀਮਾਂ ਨਾਲ ਜਾਣ ਪਛਾਣ ਕਰ ਸਮੇਂ ਬੀਸੀ ਲਿਬਰਲ ਯੂਨਾਈਟਿਡ ਦੇ ਪ੍ਰਧਾਨ ਕੈਵਿਨ ਫਾਲਕਨ ਵਿਸ਼ੇਸ਼ ਤੌਰ 'ਤੇ ਪੁੱਜੇ। ਉਨ੍ਹਾਂ ਵੈਸਟ ਕੋਸਟ ਕਿੰਗਜ਼ ਫੀਲਡ ਹਾਕੀ ਕਲੱਬ ਦੇ ਪ੍ਰਬੰਧਕਾਂ ਨੂੰ ਇਸ ਸ਼ਾਨਦਾਰ ਟੂਰਨਾਮੈਂਟ ਲਈ ਮੁਬਾਰਕਬਾਦ ਦਿੱਤੀ ਅਤੇ ਕਿਹਾ ਕਿ ਸਾਰੀਆਂ ਟੀਮਾਂ ਨੇ ਸਖ਼ਤ ਮਿਹਨਤ, ਸਮਰਪਣ ਅਤੇ ਵਚਨਬੱਧਤਾ ਨਾਲ ਟੂਰਨਾਮੈਂਟ ਵਿਚ ਆਪਣੀ ਖੇਡ ਦਾ ਪ੍ਰਦਰਸ਼ਨ ਕੀਤਾ ਹੈ ਅਤੇ ਸਾਨੂੰ ਇਹਨਾਂ ਸਾਰੇ ਨੌਜਵਾਨ ਖਿਡਾਰੀਆਂ 'ਤੇ ਬਹੁਤ ਮਾਣ ਹੈ। ਵੈਸਟ ਕੋਸਟ ਕਿੰਗਜ਼ ਫੀਲਡ ਹਾਕੀ ਸੋਸਾਇਟੀ ਦੇ ਆਗੂ ਊਧਮ ਸਿੰਘ ਹੁੰਦਲ ਨੇ ਇਸ ਟੂਰਨਾਮੈਂਟ ਨੂੰ ਸਫਲ ਬਣਾਉਣ ਲਈ ਸਾਰੇ ਖਿਡਾਰੀਆਂ, ਟੀਮਾਂ, ਸਪਾਸਰਾਂ, ਸਹਿਯੋਗੀਆਂ ਅਤੇ ਸੋਸਾਇਟੀ ਮੈਂਬਰਾਂ ਦਾ ਧੰਨਵਾਦ ਕੀਤਾ।

ਤਿੰਨੋ ਦਿਨ ਹਾਕੀ ਦੇ ਸ਼ੌਕੀਨ ਸੈਂਕੜੇ ਦਰਸ਼ਕਾਂ ਨੇ ਬਿਹਤਰ ਫ਼ੀਲਡ ਹਾਕੀ ਦਾ ਆਨੰਦ ਮਾਣਿਆਂ। ਪ੍ਰਬੰਧਕਾਂ ਵੱਲੋਂ ਦਰਸ਼ਕਾਂ ਦੇ ਬੈਠਣ ਦਾ ਵਿਸ਼ੇਸ਼ ਪ੍ਰਬੰਧ ਵੀ ਕੀਤਾ ਗਿਆ ਅਤੇ ਗੁਰਦੁਆਰਾ ਦਸ਼ਮੇਸ਼ ਦਰਬਾਰ ਵੱਲੋਂ ਤਿੰਨੋ ਦਿਨ ਅਤੁੱਟ ਲੰਗਰ ਵਰਤਾਇਆ ਗਿਆ।



**ਹਰਦਮ ਮਾਨ**
**ਸਪੈਸ਼ਲ ਰਿਪੋਰਟਰ,**
**ਬੀ.ਸੀ., ਕੈਨੇਡਾ**

# ਪੰਜਾਬ ਸਾਹਿਤ ਅਕੈਡਮੀ ਅਤੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਸ਼ਿਵ ਕੁਮਾਰ ਬਟਾਲਵੀ ਨੂੰ ਸਮਰਪਿਤ ਅੰਤਰਰਾਸ਼ਟਰੀ ਕਾਵਿ-ਮਿਲਣੀ




ਸਰੀ, 19 ਜੁਲਾਈ (ਹਰਦਮ ਮਾਨ)-ਬੀਤੇ ਐਤਵਾਰ ਪੰਜਾਬ ਸਾਹਿਤ ਅਕੈਡਮੀ ਅਤੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਸ਼ਿਵ ਕੁਮਾਰ ਬਟਾਲਵੀ ਨੂੰ ਸਮਰਪਿਤ ਅੰਤਰਰਾਸ਼ਟਰੀ ਕਾਵਿ ਮਿਲਣੀ ਕਰਵਾਈ ਗਈ। ਆਨਲਾਈਨ ਕਰਵਾਈ ਗਈ ਇਸ ਕਾਵਿ-ਮਿਲਣੀ ਵਿਚ ਡਾ. ਹਰਜੀਤ ਸਿੰਘ ਸੱਧਰ ਅਤੇ ਡਾ. ਦਵਿੰਦਰ ਸੈਫੀ ਬਤੌਰ ਮੁੱਖ ਮਹਿਮਾਨ ਅਤੇ ਡਾ. ਜਸਪਾਲ ਸਿੰਘ ਦੇਸੂਵੀ, ਡਾ. ਰਾਕੇਸ਼ ਤਿਲਕ ਰਾਜ, ਡਾ. ਪੁਸ਼ਵਿੰਦਰ ਕੌਰ ਖੋਖਰ ਤੇ ਡਾ. ਸਤਿੰਦਰ ਕੌਰ ਕਾਹਲੋਂ ਬਤੌਰ ਵਿਸ਼ੇਸ਼ ਮਹਿਮਾਨ ਸ਼ਾਮਲ ਹੋਏ। ਪੰਜਾਬ ਸਾਹਿਤ ਅਕੈਡਮੀ ਦੇ ਪ੍ਰਧਾਨ ਡਾ. ਸਰਬਜੀਤ ਕੌਰ ਸੋਹਲ ਨੇ ਹਾਜਰ ਸ਼ਖ਼ਸੀਅਤਾਂ ਨੂੰ ਜੀ ਆਇਆਂ ਕਿਹਾ ਅਤੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੀ ਪ੍ਰਧਾਨ ਰਿੰਟੂ ਭਾਟੀਆ ਨੇ ਆਪਣੀ ਸੁਰੀਲੀ ਅਵਾਜ਼ ਵਿਚ ਸ਼ਿਵ ਕੁਮਾਰ ਬਟਾਲਵੀ ਦੇ ਇਕ ਗੀਤ ਨਾਲ ਕਾਵਿ ਮਿਲਣੀ ਦਾ ਆਗਾਜ਼ ਕੀਤਾ। ਕਾਵਿ ਮਿਲਣੀ ਦੇ ਸੰਚਾਲਕ ਅਤੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਚੀਫ਼ ਐਡਵਾਈਜ਼ਰ ਪਿਆਰਾ ਸਿੰਘ ਕੁੱਦੋਵਾਲ ਨੇ ਪੰਜਾਬ ਸਾਹਿਤ ਅਕਾਡਮੀ ਅਤੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਬਾਰੇ ਸੰਖੇਪ ਜਾਣਕਾਰੀ ਸਾਂਝੀ ਕੀਤੀ ਅਤੇ ਕਾਵਿ ਮਿਲਣੀ ਵਿਚ ਸ਼ਾਮਲ ਸ਼ਾਇਰ ਹਰਦਮ ਮਾਨ, ਡਾ. ਅਮਨਦੀਪ ਕੌਰ

ਬਰਾੜ , ਗੁਰਚਰਨ ਸਿੰਘ ਜੋਗੀ, ਰਾਜ ਲਾਲੀ, ਇਕਬਾਲ ਬਰਾੜ, ਅਮਰਜੀਤ ਪੰਛੀ, ਸੁਖਦੀਪ ਕੌਰ ਬਿਰਧਨੋ,



ਪਰਜਿੰਦਰ ਕੌਰ ਕਲੇਰ ਤੇ ਬਲਜਿੰਦਰ ਕੌਰ ਦੀ ਰਸਮੀ ਜਾਣ ਪਹਿਚਾਣ ਕਰਵਾਈ। ਮਹਿਮਾਨ ਕਵੀਆਂ ਨੇ ਆਪਣੀਆਂ ਅਤੇ ਸ਼ਿਵ ਕੁਮਾਰ ਬਟਾਲਵੀ ਦੀਆਂ ਰਚਨਾਵਾਂ ਨੂੰ ਸੁਰੀਲੇ ਸੁਰਾਂ ਵਿੱਚ ਪੇਸ਼ ਕੀਤਾ।

ਮਹਿਮਾਨ ਕਵੀਆਂ ਤੋਂ ਇਲਾਵਾ ਡਾ. ਦਵਿੰਦਰ ਸੈਫ਼ੀ, ਵਿਜੇਤਾ ਭਾਰਦਵਾਜ, ਲਕਸ਼ਰੀ ਰਾਮ ਜਾਖੂ, ਪਰਮਜੀਤ ਕੌਰ ਜੈਸਵਾਲ, ਇਕਬਾਲ ਸਿੰਘ ਪੁੜੈਣ, ਸੁਰਜੀਤ ਕੌਰ, ਪਿਆਰਾ ਸਿੰਘ ਕੁੱਦੋਵਾਲ ਤੇ ਰਮਿੰਦਰ ਰੰਮੀ ਨੇ ਆਪਣੀਆਂ ਅਤੇ ਸ਼ਿਵ ਕੁਮਾਰ ਦੀਆਂ ਰਚਨਾਵਾਂ ਪੇਸ਼ ਕੀਤੀਆਂ। ਡਾ. ਨੈਬ ਸਿੰਘ ਮੰਡੇਰ ਤੇ ਪੂਨਮ ਸਿੰਘ ਪ੍ਰੀਤਲੜੀ ਨੇ ਆਪਣੇ ਵਿਚਾਰ ਸਾਂਝੇ ਕੀਤੇ। ਇਸ ਕਾਵਿ ਮਿਲਣੀ ਵਿਚ ਕੈਨੇਡਾ ਤੋਂ ਹਰਦਿਆਲ ਸਿੰਘ ਝੀਤਾ, ਨਿਰਵੈਲ ਸਿੰਘ ਅਰੋੜਾ, ਦਲਬੀਰ ਸਿੰਘ ਕਥੂਰੀਆ, ਰਵਿੰਦਰ ਸਿੰਘ ਕੰਗ, ਨਦੀਮ ਅਫ਼ਜ਼ਲ ਤੋਂ ਇਲਾਵਾ ਵੱਖ ਵੱਖ ਦੇਸ਼ਾਂ ਤੋਂ ਉੱਘੀਆਂ ਸ਼ਖ਼ਸੀਅਤਾਂ, ਸਾਹਿਤਕਾਰਾਂ ਅਤੇ ਸ਼ਾਇਰਾਂ ਨੇ ਸ਼ਮੂਲੀਅਤ ਕੀਤੀ। ਅੰਤ ਵਿਚ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੀ ਸਰਪ੍ਰਸਤ ਸੁਰਜੀਤ ਕੌਰ ਨੇ ਕਾਵਿ ਮਿਲਣੀ ਵਿਚ ਸ਼ਾਮਲ ਹੋਏ ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨਾਂ, ਕਵੀਆਂ ਅਤੇ ਸਭਨਾਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ।

**ਹਰਦਮ ਮਾਨ**

# ਹੜ੍ਹ ਪੀੜਤ ਇਲਾਕਿਆ ਲਈ ਸਾਬਕਾ ਕੈਬਨਿਟ ਮੰਤਰੀ ਸ੍ਰ ਰੱਖੜਾ ਨੇ ਮੈਡੀਕਲ ਸੇਵਾਂਵਾ ਲਈ ਮਨਪ੍ਰੀਤ ਚੱਢਾ ਦੀ ਲਗਾਈ ਡਿਊਟੀ

## ਹੜ ਪੀੜਤ ਇਲਾਕਿਆਂ ਲਈ ਰਾਸ਼ਨ ਅਤੇ ਹੋਰ ਸਮੱਗਰੀ ਤੋ ਇਲਾਵਾ ਲੋੜ ਮੁਤਾਬਿਕ ਭੇਜ ਰਹੇ ਹਾਂ ਦਵਾਈਆਂ :-ਸੁਰਜੀਤ ਰੱਖੜਾ,ਬਿੱਟੂ ਚੱਠਾ




ਪਟਿਆਲਾ 22 ਜੁਲਾਈ : ਕੁਦਰਤੀ ਆਫਤ ਦੇ ਚਲਦਿਆ ਜਿਥੇ ਸਾਰੇ ਪੰਜਾਬ ਵਿੱਚ ਹੜਾਂ ਦੀ ਮਾਰ ਨੇ ਲੋਕਾਂ ਦਾ ਜਨਜੀਵਨ ਅਸਥ ਵਿਅਸਥ ਕਰ ਦਿਤੈ ਉਥੇ ਹੀ ਹੜ ਪੀੜਤ ਇਲਾਕਿਆਂ ਵਿਚ ਲੋਕਾ ਬੀਮਾਰੀਆ ਨਾਲ ਗ੍ਰਸਤ ਹੋ ਰਹੇ ਹਨ। ਵਖ ਵਖ ਸਮਾਜ ਸੇਵੀ ਸੰਸਥਾਵਾਂ ਆਪੋ ਆਪਣੇ ਤਰੀਕਿਆ ਅਤੇ ਵਸੀਲਿਆਂ ਨਾਲ ਇਨਾਂ ਇਲਾਕਿਆ ਵਿਚ ਸੇਵਾ ਕਰ ਰਹੀਆਂ ਹਨ। ਸਾਬਕਾ ਕੈਬਨਿਟ ਮੰਤਰੀ ਸ੍ਰ ਸੁਰਜੀਤ ਸਿੰਘ ਰੱਖੜਾ ਅਤੇ ਸਮੂਹ ਰੱਖੜਾ ਪਰਿਵਾਰ ਨੇ ਪਹਿਲੇ ਦਿਨ ਤੋ ਹੜ ਪੀੜਤ ਪਰਿਵਾਰਾ ਲਈ ਲੰਗਰ ਅਤੇ ਹੋਰ ਜਰੂਰੀ ਸਮੱਗਰੀ ਇਹਨਾਂ ਪਰਿਵਾਰਾਂ ਤਕ ਪਹੁੰਚਾਉਣ ਲਈ ਵਖ ਵਖ ਟੀਮਾਂ ਬਣਾ ਕੇ ਸੇਵਾ ਵਿੱਚ ਜੁਟੇ ਹੋਏ ਹਨ। ਸ੍ਰ. ਰਖੜਾ ਨੇ ਬੋਲਦਿਆ ਕਿਹਾ ਕਿ ਆਪ ਸਰਕਾਰ ਦੀਆਂ ਨਾਕਾਮੀਆ ਦੇ ਅਤੇ ਅਯੋਗ ਪ੍ਰਬੰਧਾਂ ਦੇ ਚਲਦਿਆ ਜਨਤਾ ਚ ਬੀਮਾਰੀ ਫੈਲਣ ਲਗ ਪਈਆਂ ਹਨ। ਜਿਸ ਲਈ ਉਨਾਂ ਪਟਿਆਲਾ ਦਿਹਾਂਤੀ ਦੇ ਇੰਚਾਰਜ ਸ੍ਰ ਜਸਪਾਲ ਸਿੰਘ ਬਿੱਟੂ ਚੱਠਾ ਨਾਲ ਸਲਾਹ ਮਸ਼ਵਰਾ ਕਰਦਿਆ ਮਨਪ੍ਰੀਤ ਸਿੰਘ ਚੱਢਾ ਇੰਚਾਰਜ ਵਾਰਡ ਨੰਬਰ ਸੱਤ ਅਤੇ ਮੈਂਬਰ ਪੀ ਏ ਸੀ ਦੀ ਮੈਡੀਕਲ ਸੇਵਾਂਵਾਂ ਹੜ ਪੀੜਤ ਇਲਾਕਿਆਂ ਵਿਚ ਪਹੁੰਚਾਉਣ ਲਈ ਡਿਊਟੀ ਲਗਾਈ।ਇਸ ਦੌਰਾਨ ਮਨਪ੍ਰੀਤ ਸਿੰਘ ਚੱਢਾ ਨੇ ਪਹਿਲੀ ਖੇਪ ਦਵਾਈਆ ਦਾ ਆਪ ਪ੍ਰਬੰਧ ਕਰਕੇ ਸ੍ਰ ਰੱਖੜਾ ਅਤੇ ਬਿੱਟੂ ਚੱਠਾ ਇੰਚਾਰਜ ਪਟਿਆਲਾ ਦਿਹਾਤੀ ਦੀ ਅਗਵਾਈ ਹੇਠ ਲੋੜਵੰਦ ਇਲਾਕਿਆ ਵਿਚ ਵੰਡਣ ਲਈ ਲਿਆਂਦੀਆ।ਇਸ ਖੇਪ ਵਿੱਚ ਉਲਟੀਆ,ਦਸਤ,ਬੁਖਾਰ,ਪੇਟ ਦਰਦ, ਓ ਆਰ ਐਸ, ਐਲਰਜੀ, ਐਸਿਡ ਅਤੇ ਸਕਿਨ ਐਲਰਜੀ ਦੀਆ ਕਰੀਮਾਂ ਆਦਿ ਦਵਾਈਆ ਹਨ। ਸ੍ਰ ਬਿੱਟੂ ਚੱਠਾ ਨੇ ਬੋਲਦਿਆ ਕਿਹਾ ਕਿ ਬਿਨਾ ਕਿਸੇ ਭੇਦਭਾਵ ਨਾਲ ਪਹਿਲਾ ਰੱਖੜਾ ਪਰਿਵਾਰ ਦੀ ਰਹਿਨੁਮਾਈ ਹੇਠ ਲੋੜਵੰਦ ਹੜ ਪੀੜਤ ਪਰਿਵਾਰਾ ਦੀ ਸੇਵਾ ਜਾਰੀ ਹੈ। ਹੁਣ ਹੜ ਪੀੜਤ ਇਲਾਕਿਆ ਵਿਚ ਜਰੂਰਤ ਨੂੰ ਮਹਿਸੂਸ ਕਰਦਿਆ ਦਵਾਈਆ ਦਾ ਪ੍ਰਬੰਧ ਕਰ ਲਿਆ ਗਿਆ ਹੈ ਜਲਦ ਵਖ ਵਖ ਇਲਾਕਿਆ ਵਿਚ ਜਾ ਕੇ ਸਿਹਤ ਸਹੂਲਤਾ ਮੁਹੱਈਆ ਕਰਵਾਈਆ ਜਾਣ ਗੀਆ। ਇਸ ਮੋਕੇ ਸਾਬਕਾ ਐਮ ਸੀ ਪਰਮਜੀਤ ਸਿੰਘ ਪੰਮਾ,ਮਾਲਵਿੰਦਰ ਸਿੰਘ ਝਿਲ ਮੈਂਬਰ ਪੀ ਏ ਸੀ,ਤੀਰਥ ਸਿੰਘ ਕੋਹਲੀ ਉਘੇ ਸਮਾਜ ਸੇਵਕ ਜਤਿੰਦਰਪਾਲ ਸਿੰਘ ਜੇ ਪੀ,ਮਨੀਸ਼ ਸੈਣੀ,ਅਸ਼ੋਕ ਕੁਮਾਰ,ਨਿਰਮਲ ਸਿੰਘ ਸਾਬਕਾ ਸਰਪੰਚ,ਗੋਲੂ ਵਿਰਕ ਹਾਜਰ ਸਨ।



ਕਾਵਿ-ਸੰਸਾਰ
ਅੱਖਰਵਿਤਾ!™
(An Acrostic Punjabi Poem on KavSansaar)
ਕਾਵਿਕ ਰਚਨਾਵਾਂ ਅਤੇ ਗਤੀਵਿਧੀਆਂ ਦਾ
ਵਿਆਪਕ ਰੂਪ ਵਿੱਚ
ਸੰਚਾਰ ਕਰਨ ਵਾਲਾ ਪੰਜਾਬੀ
ਸਾਹਿਤ ਦਾ ਇਕ ਖ਼ੂਬਸੂਰਤ ਬਿਜਲ
ਰਸਾਲਾ
ਪੰਜਾਬੀ ਸਾਹਿਤ ਜਗਤ 'ਚ ਇੱਕ ਨਵੀਂ ਕਾਵਿ-ਸ਼ੈਲੀ
ਦੀ ਕਾਢ
ਖੋਜਕਰਤਾ:
ਐਸ਼ਕ੍ਰਮ ਐਸ਼ਵਿਕ (ਐਸ਼)
www. kavsansaar.com
Read at: www.KavSansaar.com
©2019-2022 All rights reserved and encrypted by ASH , Poet, Linguist & Sociologist

# ਅੰਗਰੇਜ਼ੀ ਬੋਲਣਾ ਸਿੱਖੋ







ESL, IELTS, LPI, CELPIP & CITIZENSHIP TEST

604-725-3340

www.EnglishIsVeryEasy.com




## GTP Marvelous College, Surrey,Canada








# La Taverne du Cap Vert et du Brésil

**25 Rue Daubenton, 75005 Paris, France**

**Tel : 01 43 31 44 00**
**Portable : 06 67 45 02 25**